Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

Vol 18 * Issue 25
Daily Newspaper Wednesday, February 06, 2019
Tel: 905-793-2202 Fax: 905-793-2282 news@punjabipost.ca

# ਅਮਰੀਕਾ ’ਤੇ ਲਾਏ ਟੈਰਿਫਜ਼ ਖ਼ਤਮ ਕਰਨ ਦੀ ਫੋਰਡ ਸਰਕਾਰ ਦੀ ਮੰਗ ਨੂੰ ਫਰੀਲੈਂਡ ਨੇ ਨਕਾਰਿਆ



ਓਨਟਾਰੀਓ, 5 ਫਰਵਰੀ (ਪੋਸਟ ਬਿਊਰੋ) : ਅਮਰੀਕਾ ਖਿਲਾਫ ਲਾਏ ਗਏ ਸਟੀਲ ਟੈਰਿਫਜ਼ ਨੂੰ ਖ਼ਤਮ ਕਰਨ ਦੀ ਓਨਟਾਰੀਓ ਦੀ ਪ੍ਰੋਵਿੰਸ਼ੀਅਲ ਸਰਕਾਰ ਦੀ ਮੰਗ ਨੂੰ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸਿਰੇ ਤੋਂ ਨਕਾਰ ਦਿੱਤਾ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਮਈ ਵਿੱਚ ਅਮਰੀਕਾ ਨੇ ਇਮਪੋਰਟਿਡ ਸਟੀਲ ਉੱਤੇ 25 ਫੀ ਸਦੀ ਤੇ ਐਲੂਮੀਨੀਅਮ ਉੱਤੇ 10 ਫੀ ਸਦੀ ਟੈਰਿਫ ਲਾਉਣ ਦਾ ਐਲਾਨ ਕੀਤਾ ਸੀ। ਇਸ ਤੋਂ ਤੁਰੰਤ ਬਾਅਦ ਹੀ ਕੈਨੇਡਾ ਨੇ ਜਵਾਬੀ ਕਾਰਵਾਈ ਕਰਨ ਦਾ ਫੈਸਲਾ ਕੀਤਾ ਸੀ। ਪਰ ਫੈਡਰਲ ਸਰਕਾਰ ਨੂੰ ਉਸ ਸਮੇਂ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਜਦੋਂ ਉਸ ਨੇ ਨੌਰਥ ਅਮੈਰੀਕਨ ਟਰੇਡ ਪੈਕਟ ਉੱਤੇ ਸਹੀ ਪਾਈ ਜਦਕਿ ਅਮਰੀਕਾ ਨੇ ਇਸ ਦੇ ਬਾਵਜੂਦ ਟੈਰਿਫ ਹਟਾਉਣ ਦੀ ਕੋਈ ਗਾਰੰਟੀ ਨਹੀਂ ਦਿੱਤੀ।

ਇੱਕ ਇੰਟਰਵਿਊ ਵਿੱਚ ਫਰੀਲੈਂਡ ਨੇ ਇਹ ਮੰਨਿਆ ਕਿ ਭਾਵੇਂ ਪਿਛਲੇ ਸਾਲ ਜੁਲਾਈ ਵਿੱਚ ਜਵਾਬੀ ਕਾਰਵਾਈ ਤਹਿਤ ਇਹ ਟੈਰਿਫ ਅਮਰੀਕਾ ਉੱਤੇ ਕੈਨੇਡਾ ਵੱਲੋਂ ਲਾਏ ਗਏ ਸਨ ਤੇ ਭਾਵੇਂ ਇਹ ਬਹੁਤੇ ਸਖਤ ਨਹੀਂ ਹਨ ਪਰ ਉਨ੍ਹਾਂ ਆਖਿਆ ਕਿ ਅਜਿਹਾ ਕਰਨਾ ਬੇਹੱਦ ਜ਼ਰੂਰੀ ਸੀ। ਉਨ੍ਹਾਂ ਆਖਿਆ ਕਿ ਜਦੋਂ ਅਮਰੀਕਾ ਵੱਲੋਂ ਇਸ ਤਰ੍ਹਾਂ ਦੇ ਗੈਰਕਾਨੂੰਨੀ ਟੈਰਿਫ ਕੈਨੇਡਾ ਦੀ ਸਟੀਲ ਤੇ ਐਲੂਮੀਨੀਅਮ ਉੱਤੇ ਲਾਏ ਗਏ ਤਾਂ ਕੈਨੇਡਾ ਲਈ ਜਵਾਬ ਦੇਣਾ ਜ਼ਰੂਰੀ ਹੋ ਗਿਆ ਸੀ ਤੇ ਅਸੀਂ ਅਜਿਹਾ ਹੀ ਕੀਤਾ।

ਸੋਮਵਾਰ ਨੂੰ ਓਨਟਾਰੀਓ ਦੇ ਆਰਥਿਕ ਵਿਕਾਸ ਮੰਤਰੀ ਟੌਡ ਸਮਿੱਥ ਨੇ ਆਖਿਆ ਸੀ ਕਿ ਇਹ ਟੈਰਿਫ ਦੋਵਾਂ ਮੁਲਕਾਂ ਵਿੱਚ ਇੰਡਸਟਰੀਜ਼ ਤੇ ਵਰਕਰਜ਼ ਦੋਵਾਂ ਨੂੰ ਹੀ ਨੁਕਸਾਨ ਪਹੁੰਚਾ ਰਹੇ ਹਨ। ਉਨ੍ਹਾਂ ਇਹ ਸਲਾਹ ਦਿੱਤੀ ਸੀ ਕਿ ਜੇ ਕੈਨੇਡਾ ਇਹ ਟੈਰਿਫ ਹਟਾ ਲਵੇ ਤਾਂ ਅਮਰੀਕਾ ਵੀ ਅਜਿਹਾ ਕਰ ਸਕਦਾ ਹੈ। ਪਰ ਫਰੀਲੈਂਡ ਨੇ ਦੱਸਿਆ ਕਿ ਫੈਡਰਲ ਸਰਕਾਰ ਨੇ ਇਹ ਮਾਮਲਾ ਡਬਲਿਊਟੀਓ ਤੇ ਨਾਫਟਾ ਟ੍ਰਿਬਿਊਨਲਜ਼ ਕੋਲ ਉਠਾਇਆ ਹੈ ਤੇ ਉਸ ਦਾ ਮੰਨਣਾ ਹੈ ਕਿ ਇਸ ਮਾਮਲੇ ਵਿੱਚ ਸਾਡੀ ਜਿੱਤ ਹੋਣ ਦੀ ਸੰਭਾਵਨਾ ਹੈ।

# ਪੈਰਿਸ ਵਿੱਚ ਇੱਕ ਇਮਾਰਤ ’ਚ ਲੱਗੀ ਅੱਗ, 10 ਹਲਾਕ



ਪੈਰਿਸ, 5 ਫਰਵਰੀ (ਪੋਸਟ ਬਿਊਰੋ) : ਪਿਛਲੇ ਇੱਕ ਦਹਾਕੇ ਵਿੱਚ ਮੰਗਲਵਾਰ ਨੂੰ ਲੱਗੀ ਸੱਭ ਤੋਂ ਖਤਰਨਾਕ ਅੱਗ ਕਾਰਨ ਦਸ ਲੋਕ ਮਾਰੇ ਗਏ ਤੇ ਕਈ ਹੋਰਨਾਂ ਲੋਕਾਂ ਨੂੰ ਆਪਣੀ ਜਾਨ ਬਚਾਉਣ ਲਈ ਰਿਹਾਇਸੀ ਇਮਾਰਤ ਦੀ ਛੱਤ ਉੱਤੇ ਚੜ੍ਹਨਾ ਪਿਆ।

ਇੱਕ 40 ਸਾਲਾ ਔਰਤ, ਜਿਸ ਦਾ ਮਨੋਵਿਗਿਆਨਕ ਸਮੱਸਿਆ ਦਾ ਇਤਿਹਾਸ ਰਿਹਾ ਹੈ, ਨੂੰ ਅੱਠ ਮੰਜਿਲਾਂ ਇਮਾਰਤ ਦੇ ਨੇੜਲੇ ਇਲਾਕੇ ਵਿੱਚ ਨਜਰਬੰਦ ਕੀਤਾ ਗਿਆ। ਪੁਲਿਸ ਨੇ ਅਗਜਨੀ ਦੇ ਨਜਰੀਏ ਤੋਂ ਵੀ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਅਪਰੈਲ 2005 ਵਿੱਚ ਪੈਰਿਸ ਦੇ ਮਸਹੂਰ ਓਪਰਾ ਨੇੜੇ ਹੋਟਲ ਵਿੱਚ ਲੱਗੀ ਅੱਗ ਕਾਰਨ 24 ਵਿਅਕਤੀ ਮਾਰੇ ਗਏ ਸਨ ਤੇ ਉਸ ਤੋਂ ਬਾਅਦ ਦੀ ਇਹ ਸੱਭ ਤੋਂ ਘਾਤਕ ਅੱਗ ਮੰਨੀ ਜਾ ਰਹੀ ਹੈ।

ਫਰਾਂਸ ਦੇ ਰਾਸਟਰਪਤੀ ਇਮੈਨੂਅਲ ਮੈਕਰੌਨ ਨੇ ਟਵਿੱਟਰ ਉੱਤੇ ਲਿਖਿਆ ਕਿ ਬੀਤੀ ਰਾਤ ਪੈਰਿਸ ਵਿੱਚ ਰੂ ਅਰਲੈੱਗਰ ਵਿੱਚ ਲੱਗੀ ਅੱਗ ਕਾਰਨ ਪੂਰੇ ਫਰਾਂਸ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

...ਬਾਕੀ ਪੰਨਾ 6 ’ਤੇ

# ਲੀਹ ਤੋਂ ਉਤਰਨ ਤੋਂ ਪਹਿਲਾਂ ਆਪਣੇ ਆਪ ਹੀ ਰੁੜ੍ਹਨੀ ਸੁਰੂ ਹੋਈ ਸੀ ਕੈਨੇਡੀਅਨ ਪੈਸੇਫਿਕ ਗੱਡੀ : ਟੀਐਸਬੀ



ਕੈਲਗਰੀ, 5 ਫਰਵਰੀ (ਪੋਸਟ ਬਿਊਰੋ) : ਬੇਹੱਦ ਠੰਢੀ ਰਾਤ ਨੂੰ ਪਹਾੜੀ ਇਲਾਕੇ ਵਿੱਚ ਪਾਰਕ ਕੀਤੀ ਗਈ ਕੈਨੇਡੀਅਨ ਪੈਸੇਫਿਕ ਮਾਲ ਗੱਡੀ ਲੀਹ ਤੋਂ ਉਤਰਨ ਤੋਂ ਪਹਿਲਾਂ ਆਪਣੇ ਆਪ ਹੀ ਰੁੜ੍ਹਨੀ ਸ਼ੁਰੂ ਹੋ ਗਈ ਸੀ। ਇਸ ਹਾਦਸੇ ਵਿੱਚ ਤਿੰਨ ਕਾਮਿਆਂ ਦੀ ਜਾਨ ਚਲੀ ਗਈ ਸੀ ਤੇ 99 ਬੋਗੀਆਂ ਤੇ ਦੋ ਲੋਕੋਮੋਟਿਵ ਡੱਬੇ ਲੀਹ ਤੋਂ ਲੱਥ ਗਏ ਸਨ।

ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਦੱਸਿਆ ਕਿ ਪੱਛਮ ਵੱਲ ਜਾ ਰਹੀ ਇਹ ਰੇਲਗੱਡੀ ਫੀਲਡ, ਬੀਸੀ ਨੇੜੇ ਅਲਬਰਟਾ ਤੇ ਬ੍ਰਿਟਿਸ਼ ਕੋਲੰਬੀਆ ਦੀ ਹੱਦ ਤੋਂ ਪੱਛਮ ਵੱਲ ਪਾਰਕ ਕੀਤੀ ਗਈ ਸੀ ਤੇ ਇਸ ਦੀਆਂ ਏਅਰ ਬ੍ਰੇਕਜ਼ ਦੋ ਘੰਟੇ ਲਈ ਲੱਗੀਆਂ ਰਹੀਆਂ ਸਨ, ਜਦੋਂ ਇਸ ਨੇ ਆਪਣੇ ਆਪ ਰੁੜ੍ਹਨਾ ਸ਼ੁਰੂ ਕੀਤਾ।

...ਬਾਕੀ ਪੰਨਾ 6 ’ਤੇ

# 30 ਸਤੰਬਰ ਨੂੰ ਕੌਮੀ ਛੁੱਟੀ ਐਲਾਨਣ ਲਈ ਫੈਡਰਲ ਸਰਕਾਰ ਵੱਲੋਂ ਪ੍ਰਸਤਾਵ ਪੇਸ਼



ਓਟਵਾ, 5 ਫਰਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਮੂਲਵਾਸੀ ਕੈਨੇਡੀਅਨਾਂ ਨਾਲ ਸੁਲ੍ਹਾ ਉੱਤੇ ਧਿਆਨ ਕੇਂਦਰਿਤ ਕਰਕੇ 30 ਸਤੰਬਰ ਨੂੰ ਨਵੀਂ ਵੈਧਾਨਿਕ ਛੁੱਟੀ ਐਲਾਨਣਾ ਚਾਹੁੰਦੀ ਹੈ। 30 ਸਤੰਬਰ ਨੂੰ ਆਰੇਂਜ ਸ਼ਰਟ ਡੇਅ ਵਜੋਂ ਜਾਣਿਆ ਜਾਂਦਾ ਹੈ। ਇਹ ਦਿਨ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਤਜਰਬੇ ਕਾਰਨ ਖਾਸ ਮੰਨਿਆ ਜਾਂਦਾ ਹੈ। ਇਸ ਦਿਨ ਦਾ ਨਾਂ ਇਸ ਲਈ ਆਰੇਂਜ ਸ਼ਰਟ ਡੇਅ ਪਿਆ ਕਿਉਂਕਿ ਫਿਲੀਜ਼ ਵੈਬਸਟੈਡ ਨਾਂ ਦੀ ਇੱਕ ਸਾਬਕਾ ਵਿਦਿਆਰਥਣ ਨੂੰ ਉਸ ਦੀ ਦਾਦੀ ਵੱਲੋਂ ਦਿੱਤੀ ਗਈ ਚਮਕਦਾਰ ਆਰੇਂਜ ਸ਼ਰਟ ਰੈਜ਼ੀਡੈਂਸ਼ੀਅਲ ਸਕੂਲ ਵਿੱਚ ਉਸ ਦੇ ਪਹਿਲੇ ਦਿਨ ਹੀ ਉਸ ਤੋਂ ਲੈ ਲਈ ਗਈ ਸੀ। ਜੇ ਇਹ ਪ੍ਰਸਤਾਵ ਪਾਰਲੀਆਮੈਂਟ ਵਿੱਚ ਪਾਸ ਹੋ ਜਾਂਦਾ ਹੈ ਤਾਂ 30 ਸਤੰਬਰ ਨੂੰ ਸੱਚ ਤੇ ਸੁਲ੍ਹਾ ਲਈ ਕੌਮੀ ਦਿਵਸ ਵਜੋਂ ਮਨਾਇਆ ਜਾਵੇਗਾ। ਲਿਬਰਲ ਐਮਪੀ ਰੈਂਡੀ ਬੌਇਸਨੌਲਟ ਨੇ ਦੱਸਿਆ ਕਿ ਸਰਕਾਰ ਸਰਵਾਈਵਰਜ਼, ਪਰਿਵਾਰਾਂ ਤੇ ਮੂਲਵਾਸੀ ਕਮਿਊਨਿਟੀਜ਼ ਦੇ ਸਨਮਾਨ ਵਿੱਚ ਇਸ ਦਿਨ ਨੂੰ ਫੈਡਰਲ ਛੁੱਟੀ ਵਜੋਂ ਮਨਾਉਣਾ ਚਾਹੁੰਦੀ ਹੈ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home Auto
Business Trucking
R.E.S.P Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
Insured & Licensed

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 | 20% Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਰਹਾਲਾਂ ਦੇ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1290 Derry Road E, #15, Mississauga, ON L5T 0B3
Shinder Kelley
905-362-0755

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
100% removal of all pests written Guarantee
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers for runs to US; Our drivers are the heart of our company; Come in to check out our facility, see our trucks and meet Our Team!

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਉ ਟਰੱਕ, ਸ਼ਨਿੱਚਰਵਾਰ ਤੇ ਐਤਵਾਰ ਨੂੰ ਘਰੇ। }

**Location**: Comfort Inn, 1500 Matheson Blvd, Mississauga
**Date**: Thursday, February 7th from 11 am to 7 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues

Bring your resume, abstract and CVOR. Cant make it to job fair?
Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



tico.ca IATA

Call Us For Guaranteed Lowest Airfare ANY Airline Time Destination Around the World

transat, sunwing, Air Canada Vacations, WestJet vacations

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com




## ਮੂੰਹੋ ਬੋਲਦੀ Kitchen and Washroom ਬਣਵਾਓ

# Pearson Kitchen & Cabinet

Free Estimate
We Specialize in granite, quartz & marble countertops

100% Satisfaction On Time





We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



chatr MOBILE

NEW

NATION-WIDE TALK, TEXT & DATA PLANS FROM $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING. CHATRMOBILE.COM

VISIT OUR LOCATIONS TODAY!

379 Main St. North, Brampton, ON
2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਗਈ ਜੇ ਗੱਲ ਅਦਾਲਤ ਨੂੰ ਫੈਸਲੇ ਲਈ,
ਹੋਈ ਜਿੱਤ ਨਹੀਂ ਕਿਸੇ ਦੀ ਹਾਰ ਮੀਆਂ।
ਸੀ ਬੀ ਆਈ ਨੇ ਲਾਈ ਸ਼ਿਕਾਇਤ ਓਥੇ,
ਮੂਹਰੇ ਹੋ ਗਈ ਬੰਗਾਲ ਸਰਕਾਰ ਮੀਆਂ।
ਬਹਿਸ ਵਾਸਤੇ ਮੁੱਦਾ ਸੀ ਬਹੁਤ ਤਕੜਾ,
ਜੀਹਨੂੰ ਆਖਦੇ ਆ ਭ੍ਰਿਸ਼ਟਾਚਾਰ ਮੀਆਂ।
ਆਪਸ ਵਿੱਚ ਫਿਰ ਗਏ ਸਨ ਦੋਸ਼ ਲਾਏ,
ਤਕੜੀ ਹੋਈ ਫਿਰ ਖੂਬ ਤਕਰਾਰ ਮੀਆਂ।
ਅਦਾਲਤ ਕਿਸੇ ਨੂੰ ਕਿਹਾ ਨਹੀਂ ਠੀਕ ਪੂਰਾ,
ਪੂਰਨ ਗਲਤ ਨਹੀਂ ਕਿਸੇ ਨੂੰ ਕਿਹਾ ਮੀਆਂ।
ਦੋਵੇਂ ਧਿਰਾਂ ਇਹ ਕਹਿਣ ਕਿ ਜਿੱਤ ਸਾਡੀ,
ਕੋਈ ਵੀ ਦੂਜੇ ਤੋਂ ਫਾਡੀ ਨਾ ਰਿਹਾ ਮੀਆਂ।

ਤੀਸ ਮਾਰ ਖਾਂ

ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰਜ਼ ਐਸੋਸੀਏਸ਼ੀਅਨ



ਕੱਲ੍ਹ ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰਜ਼ ਐਸੋਸੀਏਸ਼ੀਅਨ ਵੱਲੋਂ ਸਾਲ 2019 ਦੀ ਆਪਣੀ ਪਹਿਲੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਸਾਲ 2019 ਵਿਚ ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰਜ਼ ਐਸੋਸੀਏਸ਼ੀਅਨ ਵੱਲੋਂ ਭਾਈਚਾਰੇ ਨਾਲ ਮਿਲਕੇ ਕੀਤੇ ਜਾਣ ਵਾਲੇ ਵੱਖ-ਵੱਖ ਪ੍ਰੋਗਰਾਮਾਂ ਦੇ ਸੰਬੰਧ ’ਚ ਵਿਚਾਰ ਚਰਚਾ ਕੀਤੀ ਗਈ।

# ਚੋਣਾਂ ਲੜਨ ਲਈ ਏ ਆਈ ਜੀ ਪੱਧਰ ਦੇ ਅਧਿਕਾਰੀ ਨੇ ਅਸਤੀਫਾ ਦਿੱਤਾ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਨੇੜੇ ਆਉਣ ਨਾਲ ਚੋਣਾਂ ਲੜਨ ਦੇ ਇਛੁੱਕ ਪਬਲਿਕ ਸਰਵੈਂਟ ਵੀ ਦਾਅ ਲਾਉਣ ਲੱਗ ਗਏ ਹਨ। ਪੰਜਾਬ ਪੁਲਸ ਦੇ ਏ ਆਈ ਜੀ ਇੱਕ ਪੀ ਪੀ ਐਸ ਅਧਿਕਾਰੀ ਨੇ ਅਸਤੀਫਾ ਦੇ ਦਿੱਤਾ ਹੈ, ਜਿਸ ਦੀ ਮਨਜ਼ੂਰੀ ਪਿੱਛੋਂ ਵਿਭਾਗ ਵੱਲੋਂ ਰਸਮਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਵਿੱਚ ਉਸ ਅਧਿਕਾਰੀ ਦੀ ਤਿੰਨ ਮਹੀਨੇ ਦੀ ਤਨਖਾਹ ਜਮ੍ਹਾ ਕਰਵਾਉਣਾ ਸ਼ਾਮਲ ਹੈ। ਪਤਾ ਲੱਗਾ ਹੈ ਕਿ ਅਸਤੀਫਾ ਦੇਣ ਵਾਲੇ ਪੀ ਪੀ ਐਸ ਅਧਿਕਾਰੀ ਹਰਮੋਹਨ ਸਿੰਘ ਸੰਧੂ ਦੀ ਮਾਤਾ ਸਤਵੰਤ ਕੌਰ ਸੰਧੂ ਪੰਜ ਵਾਰ ਵਿਧਾਇਕ ਬਣੀ ਅਤੇ ਸਿਹਤ ਖਰਾਬ ਹੋਣ ਕਾਰਨ ਪਿਛਲੀਆਂ ਚੋਣਾਂ ਵਿੱਚ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਗਈ ਸੀ। ਗ੍ਰਹਿ ਵਿਭਾਗ ਦੇ ਸੂਤਰਾਂ ਮੁਤਾਬਕ ਇਸ ਵਾਰ ਪੀ ਪੀ ਐਸ ਅਧਿਕਾਰੀ ਹਰਮੋਹਨ ਸਿੰਘ ਸੰਧੂ ਨੇ ਇੱਕ ਮਹੀਨਾ ਪਹਿਲਾਂ ਹੀ ਅਸਤੀਫਾ ਦੇ ਦਿੱਤਾ ਹੈ, ਜਿਸ ਨੂੰ ਵਿਭਾਗ ਤੋਂ ਮਨਜ਼ੂਰੀ ਮਿਲ ਗਈ ਅਤੇ ਰਸਮਾਂ ਆਖਰੀ ਪੜਾਅ ਵਿੱਚ ਹਨ, ਜਿਸ ਵਿੱਚ ਸਭ ਤੋਂ ਅਹਿਮ ਪੁਲਸ ਅਧਿਕਾਰੀ ਵੱਲੋਂ ਤਿੰਨ ਮਹੀਨੇ ਦੀ ਤਨਖਾਹ ਜਮ੍ਹਾ ਕਰਾਉਣਾ ਬਾਕੀ ਹੈ। ਇਸ ਦੇ ਪੂਰਾ ਹੁੰਦੇ ਹੀ ਉਕਤ ਅਧਿਕਾਰੀ ਨੂੰ ਪ੍ਰੀ-ਮੈਚਿਓਰ ਰਿਟਾਇਰਮੈਂਟ ਦੇ ਦਿੱਤੀ ਜਾਵੇਗੀ। ਪੀ ਪੀ ਐਸ ਅਧਿਕਾਰੀ ਸੰਧੂ ਨੇ ਕਿਹਾ ਕਿ ਨਿੱਜੀ ਕਾਰਨਾਂ ਕਰ ਕੇ ਅਸਤੀਫਾ ਦਿੱਤਾ ਹੈ, ਪਰ ਅਜੇ ਰਸਮਾਂ ਪੂਰੀਆਂ ਨਹੀਂ ਹੋਈਆਂ।

# ਸੁਪਰ ਹੈਲਥ ਏਜੰਸੀ ਕਾਇਮ ਕਰਨ ਲਈ ਕੀਤੀਆਂ ਜਾ ਰਹੀਆਂ ਹਨ ਤਿਆਰੀਆਂ



ਟੋਰਾਂਟੋ, 5 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੀ ਨਵੀਂ ਸੁਪਰ ਹੈਲਥ ਏਜੰਸੀ ਲਈ ਯੋਜਨਾਵਾਂ ਚੱਲ ਰਹੀਆਂ ਹਨ।

17 ਜਨਵਰੀ ਨੂੰ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਵੱਲੋਂ ਦਸਤਖ਼ਤ ਕੀਤੇ ਗਏ ਹੁਕਮਾਂ ਅਨੁਸਾਰ ਪ੍ਰੋਵਿੰਸ ਵੱਲੋਂ ਕ੍ਰਾਊਨ ਕਾਰਪੋਰੇਸ਼ਨ ਕਾਇਮ ਕੀਤੀ ਜਾ ਰਹੀ ਹੈ ਜਿਸ ਨੂੰ ਹੈਲਥ ਪ੍ਰੋਗਰਾਮ ਇਨੀਸ਼ਿਏਟਿਵ ਆਖਿਆ ਜਾਵੇਗਾ। ਇਹ ਕਾਰਪੋਰੇਸ਼ਨ ਫੋਰਡ ਸਰਕਾਰ ਦੇ ਹੈਲਥਕੇਅਰ ਸੁਧਾਰਾਂ ਉੱਤੇ ਨਜ਼ਰ ਰੱਖੇਗੀ। ਇਸ ਸਬੰਧੀ ਸਰਕਾਰ ਦਾ ਅਹਿਮ ਪਲੈਨਿੰਗ ਦਸਤਾਵੇਜ਼ ਪਹਿਲਾਂ ਐਨਡੀਪੀ ਕੋਲ ਵੀ ਲੀਕ ਹੋ ਚੁੱਕਿਆ ਹੈ।

ਇਹ ਕ੍ਰਾਊਨ ਕਾਰਪੋਰੇਸ਼ਨ ਕਈ ਹੋਰਨਾਂ ਏਜੰਸੀਆਂ ਜਿਵੇਂ ਕਿ ਕੈਂਸਰ ਕੇਅਰ ਓਨਟਾਰੀਓ, ਈ-ਹੈਲਥ ਤੇ 14 ਲੋਕਲ ਹੈਲਥ ਇੰਟੀਗ੍ਰੇਸ਼ਨ ਨੈੱਟਵਰਕਸ ਦੇ ਅਵਸ਼ੇਸ਼ਾਂ ਨੂੰ ਮਿਲਾ ਕੇ ਕਾਇਮ ਕੀਤੀ ਗਈ ਹੈ। ਇਹ ਸੁਪਰ ਏਜੰਸੀ ਹੈਲਥ ਕੇਅਰ ਪਲੈਨਿੰਗ ਤੇ ਲੇਬਰ ਸਬੰਧਾਂ ਦੀ ਡਲਿਵਰੀ, ਵਸੂਲੀ ਤੇ ਵਿੱਤੀ ਮੈਨੇਜਮੈਂਟ ਤੱਕ ਸੱਭ ਕਾਸੇ ਲਈ ਜ਼ਿੰਮੇਵਾਰ ਰਹੇਗੀ।

ਮੰਤਰੀ ਮੰਡਲ ਦੇ ਹੁਕਮਾਂ ਅਨੁਸਾਰ ਤਿੰਨ ਉੱਚ ਪੱਧਰੀ ਸਿਵਲ ਸਰਵੈਂਟਸ ਨੂੰ ਇਸ ਨਵੀਂ ਸਿਰਜੀ ਏਜੰਸੀ ਵਿੱਚ ਨਿਯੁਕਤ ਕੀਤਾ ਗਿਆ ਪਰ ਸੀਨੀਅਰ ਸਰਕਾਰੀ ਸੂਤਰਾਂ ਅਨੁਸਾਰ ਇਨ੍ਹਾਂ ਦਾ ਕਾਰਜਕਾਲ ਸਥਾਈ ਨਹੀਂ ਹੋਵੇਗਾ। ਪ੍ਰੀਮੀਅਰ ਦੇ ਆਫਿਸ ਵੱਲੋਂ ਇਸ ਯੋਜਨਾ ਦੀ ਨਾ ਤਾਂ ਪੁਸਟੀ ਕੀਤੀ ਗਈ ਤੇ ਨਾ ਹੀ ਇਸ ਤੋਂ ਇਨਕਾਰ ਕੀਤਾ ਗਿਆ।

# ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਟਕਸਾਲੀ ਅਕਾਲੀ ਦਲ ’ਚ ਸ਼ਾਮਲ



ਜਲੰਧਰ, 5 ਫਰਵਰੀ, (ਪੋਸਟ ਬਿਊਰੋ)- ਬਾਦਲ ਪਿਤਾ-ਪੁੱਤਰ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਕੇ ਟਕਸਾਲੀ ਆਗੂਆਂ ਵੱਲੋਂ ਬਣਾਏ ਗਏ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨੂੰ ਅੱਜ ਓਦੋਂ ਹੋਰ ਬਲ ਮਿ-ਲਿਆ, ਜਦੋਂ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਮੇਅਰ ਬੀਰ ਦਵਿੰਦਰ ਸਿੰਘ ਇਸ ਵਿੱਚ ਸ਼ਾਮਲ ਹੋ ਗਏ। ਬੀਰ ਦਰਿੰਦਰ ਵੱਲੋਂ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵਿੱਚ ਆਉਣ ਉੱਤੇ ਇਸ ਪਾਰਟੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੂਰਾ ਨੇ ਕਿਹਾ ਕਿ ਉਨ੍ਹਾਂ ਦੇ ਆਉਣ ਨਾਲ ਸਾਡੀ ਪਾਰਟੀ ਨੂੰ ਵੱਡਾ ਲਾਭ ਹੋਵੇਗਾ।

ਇਸ ਮੌਕੇ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਨਾਲ ਬਾਦਲ ਅਕਾਲੀ ਦਲ ਦੇ ਗਠਜੋੜ ਕਾਰਨ ਪਾਰਟੀ ਦਾ ਪੰਥਕ ਏਜੰਡਾ ਖਤਮ ਹੋ ਚੁੱਕਾ ਹੈ। ਉਨ੍ਹਾ ਕਿਹਾ ਕਿ ਉਹ 4 ਦਹਾਕਿਆਂ ਤੋਂ ਰਾਜਨੀਤੀ ਨਾਲ ਜੁੜੇ ਹੋਏ ਹਨ ਤੇ ਇਨ੍ਹਾਂ 40 ਸਾਲਾਂ ਵਿੱਚ ਅਕਾਲੀ ਦਲ ਟਕਸਾਲੀ ਦੇ ਸਾਰੇ ਆਗੂਆਂ ਨਾਲ ਸਾਂਝ ਰੱਖਦੇ ਰਹੇ ਹਨ, ਪਰ ਰਾਜਨੀਤੀ ਦਾ ਵਪਾਰੀਕਰਨ ਤੇ ਅਪਰਾਧੀਕਰਨ ਬਾਦਲ ਪਰਿਵਾਰ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਰਾਜਨੀਤੀ ਵਿੱਚ ਪੰਥਕ ਮੁੱਦਿਆਂ ਨੂੰ ਕਾਇਮ ਰੱਖਣ ਵਾਸਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨਾਲ ਜੁੜਿਆ ਹਾਂ।

ਟਕਸਾਲੀ ਅਕਾਲੀ ਦਲ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਇਸ ਮੌਕੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਦੋਂ ਅਕਾਲੀ ਦਲ ਬੁਰੀ ਹਾਰਿਆ ਤਾਂ ਉਨ੍ਹਾਂ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਸੀ ਕਿ ਹਾਰ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਜ਼ਿੰਮੇਵਾਰ ਹਨ, ਪਰ ਸਾਡੀ ਇਕ ਨਹੀਂ ਸੁਣੀ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਓਦੋਂ ਸੁਖਬੀਰ ਸਿੰਘ ਬਾਦਲ ਨੂੰ ਅਸਤੀਫਾ ਦੇਣ ਲਈ ਕਿਹਾ ਸੀ। ਬ੍ਰਹਮਪੁਰਾ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਵਾਲੇ ਰਾਮ ਰਹੀਮ ਨੂੰ ਮੁਆਫੀ ਦੇਣ ਤੇ ਬਰਗਾੜੀ ਵਿੱਚ ਹੋਏ ਗੋਲੀ ਕਾਂਡ ਬਾਰੇ ਵੀ ਉਹ ਬੋਲੇ ਸਨ, ਪਰ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ ਗਈ। ਬ੍ਰਹਮਪੁਰਾ ਅਤੇ ਬੀਰ ਦਵਿੰਦਰ ਸਿੰਘ ਨੇ ਬਾਦਲਾਂ ਦਾ ਨਾਂ ਲਏ ਬਿਨਾਂ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਗੱਲ ਕਹੀ ਤੇ ਨਾਲ ਇਹ ਕਿਹਾ ਕਿ ਓਦੋਂ ਪੁਲਸ ਨੇ ਅਕਾਲੀ ਦਲ ਦੇ ਵੱਡੇ ਆਗੂਆਂ ਦੇ ਕਹਿਣ ਉੱਤੇ ਹੀ ਗੋਲੀ ਚਲਾਈ ਸੀ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar) | 905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5 | 416.677.0047 | Jaspal Singh Gahunia #M08006400

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

UK TRUCK TRAINING CENTRE
PCC #179958
Registered as a Private Careers College
Forklift $79
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸੁਪਰੀਮ ਕੋਰਟ ਵੱਲੋਂ ਮਮਤਾ ਬੈਨਰਜੀ ਨੂੰ ਵੱਡਾ ਝਟਕਾ

* ਪੁਲਸ ਕਮਿਸ਼ਨਰ ਰਾਜੀਵ ਕੁਮਾਰ ਨੂੰ ਸੀ ਬੀ ਆਈ ਅੱਗੇ ਪੇਸ਼ੀ ਦਾ ਹੁਕਮ
* ਪੇਸ਼ੀ ਵਾਸਤੇ ਨਿਰਪੱਖ ਥਾਂ ਸ਼ਿਲਾਂਗ ਮਿਥ ਦਿੱਤੀ ਗਈ



ਨਵੀਂ ਦਿੱਲੀ, 5 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਅੱਜ ਮੰਗਲਵਾਰ ਨੂੰ ਸੁਣਵਾਈ ਮੌਕੇ ਸੀ ਬੀ ਆਈ ਅਤੇ ਪੱਛਮੀ ਬੰਗਾਲ ਦੀ ਪੁਲਸ, ਜਿਸ ਦੀ ਪਿੱਠ ਉੱਤੇ ਮੁੱਖ ਮੰਤਰੀ ਮਮਤਾ ਬੈਨਰਜੀ ਖੁਦ ਧਰਨਾ ਲਾਈ ਬੈਠੀ ਸੀ, ਦੇ ਕੇਸ ਵਿੱਚ ਕੋਲਕਾਤਾ ਦੇ ਪੁਲਿਸ ਕਮਿਸ਼ਨਰ ਨੂੰ ਸੀ ਬੀ ਆਈ ਅੱਗੇ ਪੇਸ਼ ਹੋਣ ਦੇ ਹੁਕਮ ਦੇ ਦਿੱਤੇ ਹਨ। ਸੀ ਬੀ ਆਈ ਨੇ ਸੋਮਵਾਰ ਨੂੰ ਕੋਲਕਾਤਾ ਪੁਲਿਸ ਦੇ ਕਮਿਸ਼ਨਰ ਰਾਜੀਵ ਕੁਮਾਰ ਦੇ ਖਿਲਾਫ ਦੋ ਪਟੀਸ਼ਨਾਂ ਵਿੱਚ ਇਹ ਦੋਸ਼ ਲਾਇਆ ਸੀ ਕਿ ਉਹ ਸ਼ਾਰਧਾ ਚਿੱਟ ਫੰਡ ਘੁਟਾਲੇ ਦੀ ਜਾਂਚ ਵਿੱਚ ਸਹਿਯੋਗ ਨਹੀਂ ਕਰ ਰਹੇ ਤੇ ਇਹ ਸ਼ੱਕ ਹੈ ਕਿ ਉਹ ਮੁੱਢਲੀ ਜਾਂਚ ਦੇ ਦੌਰਾਨ ਮਿਲੇ ਸਬੂਤ ਖਤਮ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਇਸ ਦੌਰਾਨ ਸੁਪਰੀਮ ਕੋਰਟ ਨੇ ਇਹ ਸਾਫ ਕਰ ਦਿੱਤਾ ਕਿ ਰਾਜੀਵ ਕੁਮਾਰ ਦੀ ਸੀ ਬੀ ਆਈ ਅੱਗੇ ਪੇਸ਼ੀ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਵਿੱਚ ਹੋਵੇਗੀ, ਜਿਸ ਦਾ ਮਤਲਬ ਹੈ ਕਿ ਉਸ ਥਾਂ, ਜਿੱਥੇ ਭਾਜਪਾ ਤੇ ਮਮਤਾ ਬੈਨਰਜੀ ਦੋਵਾਂ ਦੇ ਪੱਖ ਦੀ ਸਰਕਾਰ ਨਹੀਂ ਅਤੇ ਇੱਕ ਤਰ੍ਹਾਂ ਨਿਰਪੱਖ ਰਾਜ ਦੀ ਥਾਂ ਮੰਨੀ ਜਾ ਸਕਦੀ ਹੈ। ਇਸ ਨਾਲ ਨਿਰਪੱਖਤਾ ਯਕੀਨੀ ਹੋ ਸਕਦੀ ਹੈ।

ਇਸ ਸੰਬੰਧ ਵਿੱਚ ਦੋਵਾਂ ਧਿਰਾਂ ਦੀ ਗੱਲ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਰਾਜੀਵ ਕੁਮਾਰ ਨੂੰ ਪੁੱਛਗਿੱਛ ਲਈ ਸੀ ਬੀ ਆਈ ਅੱਗੇ ਪੇਸ਼ ਹੋਣ ਨੂੰ ਕਿਹਾ ਹੈ। ਕੋਰਟ ਨੇ ਕਿਹਾ ਕਿ ਰਾਜੀਵ ਕੁਮਾਰ 20 ਫਰਵਰੀ ਨੂੰ ਸੁਪਰੀਮ ਕੋਰਟ ਅੱਗੇ ਪੇਸ਼ ਹੋਣ ਤੇ ਇਸ ਦੌਰਾਨ ਸੀ ਬੀ ਆਈ ਜਦੋਂ ਰਾਜੀਵ ਕੁਮਾਰ ਨੂੰ ਸੱਦੇ, ਉਨ੍ਹਾਂ ਨੂੰ ਜਾਣਾ ਪਵੇਗਾ, ਪਰ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ। ਸੁਣਵਾਈ ਮੌਕੇ ਪੱਛਮੀ ਬੰਗਾਲ ਦੀ ਮਮਤਾ ਬੈਨਰਜੀ ਸਰਕਾਰ ਦੇ ਵਕੀਲ ਨੇ ਕਿਹਾ ਕਿ ਰਾਜੀਵ ਕੁਮਾਰ ਦੇ ਖਿਲਾਫ ਕੋਈ ਕੇਸ ਦਰਜ ਨਹੀਂ ਹੈ, ਉਨ੍ਹਾਂ ਨੂੰ ਐਵੇਂ ਪਰੇਸ਼ਾਨ ਕੀਤਾ ਜਾ ਰਿਹਾ ਹੈ। ਸੀ ਬੀ ਆਈ ਨੇ ਕਿਹਾ ਕਿ ਐੱਸ ਆਈ ਟੀ ਵੱਲੋਂ ਦੋਸ਼ੀ ਨੂੰ ਸਬੂਤ ਸੌਂਪ ਦਿੱਤੇ ਜਾਣਾ ਅਤੇ ਇਸ ਦੇ ਅਫਸਰਾਂ ਵੱਲੋਂ ਜਾਂਚ ਵਿੱਚ ਰੁਕਾਵਟ ਪਾਉਣਾ ਇਹ ਸਾਬਤ ਕਰਦਾ ਹੈ ਕਿ ਇਹ ਇਕ ਵੱਡੀ ਰਣਨੀਤੀ ਹੈ। ਕੋਰਟ ਵਿੱਚ ਸੀ ਬੀ ਆਈ ਨੇ ਇਸ ਦਾ ਐਫੀਡੇਵਿਟ ਪੇਸ਼ ਕਰ ਕੇ ਕਿਹਾ ਹੈ ਕਿ ਜਦੋਂ ਇਸ ਕੇਸ ਦੀ ਜਾਂਚ ਐੱਸ ਆਈ ਟੀ ਨੇ ਕੀਤੀ ਤਾਂ ਰਾਜੀਵ ਕੁਮਾਰ ਦੀ ਨਿਗਰਾਨੀ ਵਿੱਚ ਜਾਂਚ ਕਰਦੇ ਸੀਨੀਅਰ ਅਫਸਰਾਂ ਤੇ ਆਗੂਆਂ ਦੇ ਖਿਲਾਫ ਸਬੂਤ ਮਿਲੇ ਸਨ, ਪਰ ਅਫਸਰਾਂ ਨੇ ਮਹੱਤਵ ਪੂਰਨ ਸਬੂਤਾਂ ਵਾਲੇ ਲੈਪਟਾਪ, ਮੋਬਾਈਲ ਤੇ ਹੋਰ ਜਾਣਕਾਰੀ ਮੁੱਖ ਦੋਸ਼ੀ ਨੂੰ ਦੇ ਦਿੱਤੀ ਹੈ।

ਦੂਸਰੀ ਪਟੀਸ਼ਨ ਵਿੱਚ ਸੀ ਬੀ ਆਈ ਨੇ ਪੱਛਮੀ ਬੰਗਾਲ ਦੇ ਸਿਖਰਲੇ ਪੁਲਿਸ ਅਫਸਰਾਂ ਉੱਤੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਦਾ ਦੋਸ਼ ਵੀ ਲਾਇਆ ਹੈ। ਇਸ ਪਟੀਸ਼ਨ ਵਿੱਚ ਪੱਛਮੀ ਬੰਗਾਲ ਦੇ ਚੀਫ ਸੈਕਟਰੀ ਮੱਲਿਆ ਕੁਮਾਰ ਡੇਅ, ਪੱਛਮੀ ਬੰਗਾਲ ਪੁਲਸ ਦੇ ਮੁਖੀ ਵਰਿੰਦਰ ਅਤੇ ਕੋਲਕ-ਾਤਾ ਦੇ ਪੁਲਿਸ ਕਮਿਸ਼ਨਰ ਰਾਜੀਵ ਕੁਮਾਰ ਦੇ ਖਿਲਾਫ ਕੋਰਟ ਦੀ ਉਲੰਘਣਾ ਕਰਨ ਲਈ ਕਾਰਵਾਈ ਸ਼ੁਰੂ ਕਰਨ ਦੀ ਮੰਗ ਵੀ ਪੇਸ਼ ਕੀਤੀ ਗਈ ਹੈ।

# ਮਮਤਾ ਬੈਨਰਜੀ ਨੇ ਚੰਦਰਬਾਬੂ ਨਾਇਡੂ ਦੀ ਅਪੀਲ ਉੱਤੇ ਧਰਨਾ ਛੱਡਿਆ

ਕੋਲਕਾਤਾ, 5 ਫਰਵਰੀ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਪਣਾ ਧਰਨਾ ਅੱਜ ਮੰਗਲਵਾਰ ਸ਼ਾਮ ਨੂੰ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦੀ ਅਪੀਲ ਉੱਤੇ ਖਤਮ ਕਰ ਦਿੱਤਾ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਤਾਜ਼ਾ ਆਦੇਸ਼ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਭਾਰਤ ਦਾ ਕੋਈ ਬਿਗ ਬਾਸ ਨਹੀਂ ਹੈ, ਇਸ ਦੇਸ਼ ਦਾ ਬਿਗ ਬਾਸ ਲੋਕਤੰਤਰ ਹੀ ਹੈ। ਇੱਕ ਸਵਾਲ ਕਿ ਅਗਲੀ ਚੋਣ ਵੇਲੇ ਵਿਰੋਧੀ ਧਿਰ ਦਾ ਪ੍ਰਧਾਨ ਮੰਤਰੀ ਉਮੀਦਵਾਰ ਕੌਣ ਹੋਵੇਗਾ, ਮਮਤਾ ਬੈਨਰਜੀ ਨੇ ਕਿਹਾ ਕਿ ਗਠਜੋੜ ਦਾ ਹਰ ਲੀਡਰ ਓਦੋਂ ਪ੍ਰਧਾਨ ਮੰਤਰੀ ਉਮੀਦਵਾਰ ਹੋਵੇਗਾ, ਦੇਸ਼ ਦਾ ਹਰ ਵਿਅਕਤੀ ਪ੍ਰਧਾਨ ਮੰਤਰੀ ਬਣੇਗਾ, ਕਿਉਂਕਿ ਸਾਡੀ ਸਰਕਾਰ ਜਨਤਾ ਦੀ ਸਰਕਾਰ ਹੋਵੇਗੀ।

ਇਸ ਮੌਕੇ ਸੁਪਰੀਟ ਕੋਰਟ ਦੇ ਫੈਸਲੇ ਨੂੰ ਮਮਤਾ ਨੇ ਆਪਣੀ ਜਿੱਤ ਦੱਸਿਆ ਅਤੇ ਕਿਹਾ ਕਿ ਬਿਨਾਂ ਨੋਟਿਸ ਦੇਣ ਤੋਂ ਸੀ ਬੀ ਆਈ ਕੋਲਕਾਤਾ ਦੇ ਪੁਲਸ ਕਮਿਸ਼ਨਰ ਰਾਜੀਵ ਕੁਮਾਰ ਦੇ ਘਰ ਗਈ, ਜਦ ਕਿ ਰਾਜੀਵ ਕੁਮਾਰ ਨੇ ਹਮੇਸ਼ਾ ਕਿਹਾ ਸੀ ਕਿ ਉਹ ਜਾਂਚ ਲਈ ਹਾਜ਼ਰ ਹਨ। ਮਮਤਾ ਬੈਨਰਜੀ ਨੇ ਕਿਹਾ ਕਿ ਕੋਰਟ ਨੇ ਵੀ ਅੱਜ ਇਹ ਹੀ ਕਿਹਾ ਹੈ ਕਿ ਜਾਂਚ ਦੋਵਾਂ ਦੀ ਸਹਿਮਤੀ ਨਾਲ ਹੋਵੇ। ਉਨ੍ਹਾਂ ਕਿਹਾ ਕਿ ਅੱਜ ਸੁਪਰੀਮ ਕੋਰਟ ਨੇ ਸੰਵਿਧਾਨ ਨੂੰ ਬਚਾਇਆ ਹੈ, ਇਹ ਜਨਤਾ ਦੀ ਜਿੱਤ ਹੈ, ਕਿਉਂਕਿ ਕੇਂਦਰ ਸਰਕਾਰ ਕੰਮ ਨਹੀਂ ਕਰਨ ਦੇ ਰਹੀ। ਮਮਤਾ ਨੇ ਕਿਹਾ ਕਿ ਅਸੀਂ ਨਿਆਂ ਪਾਲਿਕਾ ਦਾ ਸਨਮਾਨ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਰਾਜੀਵ ਕੁਮਾਰ ਨੂੰ ਗ੍ਰਿਫਤਾਰ ਕਰਨ ਬਾਰੇ ਅਦਾਲਤ ਨੇ ਸੀ ਬੀ ਆਈ ਉੱਤੇ ਰੋਕ ਲਾ ਦਿੱਤੀ ਹੈ, ਅਸੀਂ ਅਦਾਲਤ ਦੇ ਆਦੇਸ਼ ਦੇ ਧੰਨਵਾਦੀ ਹਾਂ।

ਆਪਣੇ ਧਰਨੇ ਸੰਬੰਧ ਵਿੱਚ ਮਮਤਾ ਬੈਨਰਜੀ ਨੇ ਕਿਹਾ ਕਿ ਚੰਦਰਬਾਬੂ ਨਾਇਡੂ ਅੱਜ ਇਥੇ ਆਏ ਹਨ, ਮੈਂ ਇਕੱਲੀ ਨਹੀਂ ਹਾਂ, ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਵੀ ਮੈਨੂੰ ਸਮਰਥਨ ਦੇ ਰਹੇ ਹਨ। ਮੈਂ ਉਨ੍ਹਾਂ ਤੋਂ ਵੀ ਅਹਿਮ ਕਦਮ ਚੁੱਕਣ ਲਈ ਸਲਾਹ ਲਵਾਂਗੀ। ਮਮਤਾ ਨੇ ਕਿਹਾ ਕਿ ਮੈਂ ਚੰਦਰਬਾਬੂ ਨਾਇਡੂ ਦੇ ਕਹਿਣ ਉੱਤੇ ਧਰਨਾ ਛੱਡ ਰਹੀ ਹਾਂ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਅਗਲੀ ਵਾਰ ਸੱਤਾ ਵਿੱਚ ਨਹੀਂ ਆਵੇਗੀ।

# ਪ੍ਰਿਅੰਕਾ ਗਾਂਧੀ ਵਿਦੇਸ਼ ਤੋਂ ਪਰਤੀ, ਕਾਂਗਰਸ ਦੇ ਦਫ਼ਤਰ ਵਿੱਚ ਨੇਮ ਪਲੇਟ ਲੱਗੀ



ਨਵੀਂ ਦਿੱਲੀ, 5 ਫਰਵਰੀ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਆਗੂ ਪ੍ਰਿਅੰਕਾ ਗਾਂਧੀ ਵਾਡਰਾ ਵਿਦੇਸ਼ ਤੋਂ ਦੇਸ਼ ਮੁੜ ਆਈ ਹੈ। ਉਨ੍ਹਾਂ ਨੂੰ ਕਾਂਗਰਸ ਨੇ ਪੂਰਬੀ ਉੱਤਰ ਪ੍ਰਦੇਸ਼, ਜਿਸ ਨੂੰ ਪੂਰਵਾਂਚਲ ਕਿਹਾ ਜਾਂਦਾ ਹੈ, ਦਾ ਮੁਖੀ ਨਿਯੁਕਤ ਕੀਤਾ ਹੋਇਆ ਹੈ। ਇਸ ਨਾਲ ਲੰਮੇ ਸਮੇਂ ਤੋਂ ਉਨ੍ਹਾਂ ਨੂੰ ਸਿਆਸਤ ਵਿੱਚ ਲਿਆਉਣ ਦੀ ਮੰਗ ਪੂਰੀ ਹੋ ਗਈ ਹੈ।

ਵਿਦੇਸ਼ ਤੋਂ ਪ੍ਰਿਅੰਕਾ ਗਾਂਧੀ ਦੇ ਮੁੜਦੇ ਸਾਰ ਕਾਂਗਰਸ ਮੁੱਖ ਦਫਤਰ ਵਿੱਚ ਉਨ੍ਹਾਂ ਦਾ ਸਵਾਗਤ ਦੀਆਂ ਤਿਆਰੀਆਂ ਜ਼ੋਰਾਂ ਨਾਲ ਸ਼ੁਰੂ ਹੋ ਗਈਆਂ ਹਨ। ਸਮਝਿਆ ਜਾਂਦਾ ਹੈ ਕਿ ਇਸੇ ਹਫਤੇ ਉਹ ਮਹੱਤਵ ਪੂਰਨ ਬੈਠਕ ਕਰ ਕੇ ਸਰਗਰਮੀ ਸ਼ੁਰੂ ਕਰਨਗੇ। ਇਸ ਬੈਠਕ ਵਿੱਚ ਅਗਲੀਆਂ ਲੋਕ ਸਭਾ ਚੋਣਾਂ ਦੇ ਲਈ ਰਣਨੀਤੀ ਬਣਾਈ ਜਾਣੀ ਹੈ। ਮਿਲੀ ਜਾਣਕਾਰੀ ਅਨੁਸਾਰ ਉਹ 7 ਫਰਵਰੀ ਨੂੰ ਰਾਹੁਲ ਗਾਂਧੀ ਵੱਲੋਂ ਸੱਦੀ ਬੈਠਕ ਵਿੱਚ ਸ਼ਾਮਲ ਹੋਣ ਪਿੱਛੋਂ 9 ਫਰਵਰੀ ਨੂੰ ਪ੍ਰਦੇਸ਼ ਪ੍ਰਧਾਨਾਂ ਤੇ ਵਿਧਾਨ ਸਭਾਵਾਂ ਵਿੱਚ ਪਾਰਟੀ ਆਗੂਆਂ ਦੇ ਨਾਲ ਹੋਣ ਵਾਲੀ ਬੈਠਕ ਵਿੱਚ ਹਿੱਸਾ ਲੈਣਗੇ।

ਇਸ ਦੌਰਾਨ ਅੱਜ ਮੰਗਲਵਾਰ ਨੂੰ ਪ੍ਰਿਅੰਕਾ ਗਾਂਧੀ ਵਾਡਰਾ ਨੇ ਬਾਕ-ਾਇਦਾ ਤੌਰ ਉੱਤੇ ਕਾਂਗਰਸ ਜਨਰਲ ਸੈਕਟਰੀ ਦਾ ਚਾਰਜ ਸੰਭਾਲ ਲਿਆ ਹੈ। ਅੱਜ ਸਵੇਰੇ ਹੀ ਕਾਂਗਰਸ ਹੈੱਡ ਕੁਆਰਟਰ ਵਿੱਚ ਉਨ੍ਹਾਂ ਦੇ ਨਾਂ ਦੀ ਪਲੇਟ ਲੱਗ ਗਈ ਸੀ। ਪ੍ਰਿਅੰਕਾ ਗਾਂਧੀ ਦੇ ਨਾਲ ਜੋਤੀਰਾਦਿੱਤਿਯ ਸਿੰਧੀਆ ਨੂੰ ਪੱਛਮੀ ਉੱਤਰ ਪ੍ਰਦੇਸ਼ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਕਾਂਗਰਸ ਨੇ ਉੱਤਰ ਪ੍ਰਦੇਸ਼ ਦੀਆਂ ਸਾਰੀਆਂ 80 ਲੋਕ ਸਭਾ ਸੀਟ ਉੱਤੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ।

# ਸੁਪਰੀਮ ਕੋਰਟ ਨੇ ਕਿਹਾ: ਗ੍ਰਿਹ ਮੰਤਰਾਲਾ ਐੱਨ ਆਰ ਸੀ ਪ੍ਰਕਿਰਿਆ ਨੂੰ ਬਰਬਾਦ ਕਰ ਦੇਣਾ ਚਾਹੁੰਦੈ



ਨਵੀਂ ਦਿੱਲੀ, 5 ਫਰਵਰੀ, (ਪੋਸਟ ਬਿਊਰੋ)- ਆਸਾਮ ਵਿੱਚ ਰਾਸ਼ਟਰੀ ਨਾਗਰਿਕਤਾ ਰਜਿਸਟਰੇਸ਼ਨ (ਐੱਨ ਆਰ ਸੀ) ਵਾਸਤੇ ਪ੍ਰਕਿਰਿਆ ਬਾਰੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਰੜੀ ਫਿਟਕਾਰ ਲਾ ਕੇ ਕਿਹਾ ਕਿ ਲੱਗਦਾ ਹੈ ਕਿ ਗ੍ਰਿਹ ਮੰਤਰਾਲੇ ਦੀ ਪੂਰੀ ਕੋਸ਼ਿਸ਼ ਐੱਨ ਆਰ ਸੀ ਪ੍ਰਕਿਰਿਆ ਨੂੰ ਬਰਬਾਦ ਕਰਨ ਵਿੱਚ ਹੈ। ਸੁਪਰੀਮ ਕੋਰਟ ਨੇ ਫਿਰ ਸਾਫ ਕੀਤਾ ਹੈ ਕਿ ਐੱਨ ਆਰ ਸੀ ਲਈ ਮਿਥੀ ਜਾ ਚੁੱਕੀ 31 ਜੁਲਾਈ ਦੀ ਸਮਾਂ ਹੱਦ ਅੱਗੇ ਨਹੀਂ ਵਧੇਗੀ। ਕੋਰਟ ਨੇ ਚੋਣ ਕਮਿਸ਼ਨ ਨੂੰ ਵੀ ਇਹ ਹੁਕਮ ਦਿੱਤਾ ਹੈ ਕਿ ਉਹ ਇਸ ਰਾਜ ਦੇ ਕੁਝ ਅਧਿਕਾਰੀਆਂ ਨੂੰ ਚੋਣਾਂ ਦੇ ਕੰਮ ਤੋਂ ਵਿਹਲੇ ਕਰ ਦੇਵੇ, ਜਿਸ ਨਾਲ ਐੱਨ ਆਰ ਸੀ ਪ੍ਰਕਿਰਿਆ ਜਾਰੀ ਰੱਖਣਾ ਯਕੀਨੀ ਹੋ ਸਕੇ।

ਵਰਨਣ ਯੋਗ ਹੈ ਕਿ ਗ੍ਰਿਹ ਮੰਤਰਾਲੇ ਨੇ ਐੱਨ ਆਰ ਸੀ ਦੇ ਕੰਮ ਨੂੰ ਦੋ ਹਫ਼ਤੇ ਰੋਕਣ ਲਈ ਸੁਪਰੀਮ ਕੋਰਟ ਅੱਗੇ ਬੇਨਤੀ ਕੀਤੀ ਅਤੇ ਕਿਹਾ ਸੀ ਕਿ ਇਸ ਦੌਰਾਨ ਕੇਂਦਰੀ ਪੁਲਿਸ ਫੋਰਸ (ਸੀ ਆਰ ਪੀ ਐੱਫ) ਚੋਣ ਡਿਊਟੀ ਵਿੱਚ ਰਹੇਗੀ। ਚੀਫ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਕਿਹਾ ਕਿ ਐੱਨ ਆਰ ਸੀ ਪ੍ਰਕਿਰਿਆ ਪੂਰੀ ਕਰਨ ਦੀ 31 ਜੁਲਾਈ ਦੀ ਸਮਾਂ ਹੱਦ ਨਹੀਂ ਵਧੇਗੀ। ਉਨ੍ਹਾਂ ਕਿਹਾ ਕਿ ਕੇਂਦਰ ਐੱਨ ਆਰ ਸੀ ਪ੍ਰਕਿਰਿਆ ਬਾਰੇ ਸਹਿਯੋਗ ਨਹੀਂ ਕਰ ਰਿਹਾ ਤੇ ਏਦਾਂ ਲੱਗਦਾ ਹੈ ਕਿ ਗ੍ਰਿਹ ਮੰਤਰਾਲੇ ਦੀ ਪੂਰੀ ਕੋਸ਼ਿਸ਼ ਐੱਨ ਆਰ ਸੀ ਪ੍ਰਕਿਰਿਆ ਨੂੰ ਬਰਬਾਦ ਕਰਨਾ ਹੈ।

ਇਸ ਮੌਕੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਕਿਹਾ ਕਿ ਉਹ ਆਸਾਮ ਦੇ ਕੁਝ ਅਫ਼ਸਰਾਂ ਨੂੰ ਚੋਣ ਵਾਲੇ ਕੰਮ ਤੋਂ ਵਿਹਲੇ ਕਰਨ ਬਾਰੇ ਵਿਚਾਰ ਕਰੇ, ਤਾਂ ਕਿ ਐੱਨ ਆਰ ਸੀ ਪ੍ਰਕਿਰਿਆ ਜਾਰੀ ਰਹਿਣਾ ਯਕੀਨੀ ਹੋ ਸਕੇ। ਕੋਰਟ ਨੇ ਇਸ ਤੋਂ ਪਹਿਲਾਂ 24 ਜਨਵਰੀ ਨੂੰ ਕਹਿ ਦਿੱਤਾ ਸੀ ਕਿ ਆਸਾਮ ਲਈ ਐੱਨ ਆਰ ਸੀ ਪ੍ਰਕਿਰਿਆ ਪੂਰੀ ਕਰਨ ਦੀ ਸਮਾਂ ਸੀਮਾ 31 ਜੁਲਾਈ 2019 ਹੈ ਤੇ ਇਹ ਬਦਲੇਗੀ ਨਹੀਂ। ਇਸ ਦੇ ਨਾਲ ਸੁਪਰੀਮ ਕੋਰਟ ਨੇ ਸੂਬਾ ਸਰਕਾਰ, ਐੱਨ ਆਰ ਸੀ ਤੇ ਚੋਣ ਕਮਿਸ਼ਨ ਨੂੰ ਇਹ ਯਕੀਨੀ ਕਰਨ ਨੂੰ ਕਿਹਾ ਸੀ ਕਿ ਅਗਲੀਆਂ ਚੋਣਾਂ ਵੇਲੇ ਐੱਨ ਆਰ ਸੀ ਦੀ ਪ੍ਰਕਿਰਿਆ ਹੌਲੀ ਨਾ ਹੋਵੇ।

ਆਸਾਮ ਵਿੱਚ ਐੱਨ ਆਰ ਸੀ ਦਾ ਖਰੜਾ 30 ਜੁਲਾਈ 2018 ਨੂੰ ਜਾਰੀ ਹੋਇਆ ਸੀ, ਜਿਸ ਵਿੱਚ 3.29 ਕਰੋੜ ਲੋਕਾਂ ਵਿੱਚੋਂ 2.89 ਕਰੋੜ ਲੋਕਾਂ ਦੇ ਨਾਂ ਸ਼ਾਮਲ ਸਨ। ਪਹਿਲੀ ਸੂਚੀ ਵਿੱਚ 40,70,707 ਲੋਕਾਂ ਦਾ ਨਾਂ ਨਹੀਂ ਸੀ, ਜਿਨ੍ਹਾਂ ਵਿੱਚੋਂ 37,59,630 ਨਾਂ ਕੱਟੇ ਜਾ ਚੁੱਕੇ ਹਨ ਤੇ ਬਾਕੀ 2,48,077 ਨੂੰ ਹੋਲਡ ਉੱਤੇ ਰੱਖਿਆ ਸੀ। ਗ੍ਰਿਹ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਸਰਕਾਰ ਆਸਾਮ ਵਿੱਚ ਸਮਾਂ ਹੱਦ ਦੇ ਅੰਦਰ ਐੱਨ ਆਰ ਸੀ ਪ੍ਰਕਿਰਿਆ ਪੂਰੀ ਕਰਨ ਨੂੰ ਪ੍ਰਤੀਬੱਧ ਹੈ। ਇਸ ਦੇ ਨਾਲ ਸਰਕਾਰ ਇਹ ਯਕੀਨੀ ਕਰੇਗੀ ਕਿ ਕੋਈ ਵਿਦੇਸ਼ੀ ਸ਼ਾਮਲ ਨਾ ਹੋ ਸਕੇ ਤੇ ਕੋਈ ਭਾਰਤੀ ਨਾਗਰਿਕ ਰਹਿ ਨਾ ਜਾਵੇ। ਉਨ੍ਹਾਂ ਕਿਹਾ ਕਿ ਗ੍ਰਿਹ ਮੰਤਰਾਲਾ ਚਾਹੁੰਦਾ ਹੈ ਕਿ ਆਸਾਮ ਦੇ ਲੋਕਾਂ ਦੀ ਐੱਨ ਆਰ ਸੀ ਸੂਚੀ ਪਾਰਦਰਸ਼ੀ ਹੋਵੇ ਅਤੇ ਇਸ ਕੰਮ ਲਈ ਸੂਬਾ ਸਰਕਾਰ ਨੂੰ ਫਾਈਨਾਂਸ ਸਮੇਤ ਸਾਰੀਆਂ ਜ਼ਰੂਰੀ ਮਦਦ ਦਿੱਤੀ ਗਈ ਹੈ।

# ਵਿਸ਼ਵ ਹਿੰਦੂ ਪ੍ਰੀਸ਼ਦ ਦਾ ਐਲਾਨ: ਅਗਲੇ ਚਾਰ ਮਹੀਨੇ ਰਾਮ ਮੰਦਰ ਦਾ ਅੰਦੋਲਨ ਨਹੀਂ ਕਰਾਂਗੇ



ਨਵੀਂ ਦਿੱਲੀ, 5 ਫਰਵਰੀ, (ਪੋਸਟ ਬਿਊਰੋ)- ਅੱਜ ਵਿਸ਼ਵ ਹਿੰਦੂ ਪ੍ਰੀਸ਼ਦ (ਵੀ ਐੱਚ ਪੀ) ਦੇ ਜਾਇੰਟ ਜਨਰਲ ਸੈਕਟਰੀ ਸੁਰੇਂਦਰ ਜੈਨ ਰਾਮ ਨੇ ਦਿੱਲੀ ਵਿੱਚ ਹੋਏ ਇਕ ਪ੍ਰੋਗਰਾਮ ਵਿੱਚ ਰਾਮ ਮੰਦਰ ਬਾਰੇ ਐਲਾਨ ਕਰਦਿਆਂ ਕਿਹਾ ਕਿ ਅਗਲੀਆਂ ਚੋਣਾਂ ਕਾਰਨ ਚਾਰ ਮਹੀਨੇ ਤਕ ਰਾਮ ਮੰਦਰ ਲਈ ਅੰਦੋਲਨ ਉੱਤੇ ਰੋਕ ਲਾਈ ਗਈ ਹੈ। ਉਨ੍ਹਾਂ ਕਿਹਾ ਕਿ 'ਇਸ ਨਾਲ ਕੋਈ ਉਂਗਲੀ ਨਹੀਂ ਚੁੱਕ ਸਕੇਗਾ ਕਿ ਕਿਸੇ ਖਾਸ ਰਾਜਸੀ ਧਿਰ ਦੇ ਲਾਭ ਲਈ ਕੋਸ਼ਿਸ਼ ਕਰ ਰਹੇ ਹਾਂ।'

ਸੁਰੇਂਦਰ ਜੈਨ ਨੇ ਕਿਹਾ ਕਿ ਰਾਜਨੀਤਕ ਵਾਤਾਵਰਣ ਸਾਫ-ਸੁਥਰਾ ਰੱਖਣ ਵਾਸਤੇ ਇਹ ਫੈਸਲਾ ਲਿਆ ਹੈ। ਸਭ ਨੂੰ ਪਤਾ ਹੈ ਕਿ ਧਰਮ ਸੰਸਦ ਦਾ ਸਬੰਧ ਵੀ ਐੱਚ ਪੀ ਨਾਲ ਹੈ, ਜਿਹੜੀ 1984 ਤੋਂ ਅੰਦੋਲਨ ਕਰਦੀ ਆਈ ਹੈ। ਰਾਮ ਮੰਦਰ ਦੀ ਉਸਾਰੀ ਵੀ ਇਹੋ ਕਰੇਗੀ, ਬਾਕੀ ਉਸ ਦੀ ਨਕਲ ਕਰਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦੀ ਨੀਤ ਸਾਫ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ 30 ਜਨਵਰੀ ਨੂੰ ਸਰਕਾਰ ਨੂੰ ਸਿੱਧੀ ਚੁਣੌਤੀ ਦੇਣ ਵਾਂਗ ਧਰਮ ਸੰਸਦ ਨੇ ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਦਾ ਐਲਾਨ ਕੀਤਾ ਅਤੇ ਧਰਮ ਸੰਸਦ ਦੇ ਮੁਖੀ ਸੰਤ ਸਵਰੂਪਾਨੰਦ ਸਰਸਵਤੀ ਨੇ ਕਿਹਾ ਸੀ ਕਿ 21 ਫਰਵਰੀ ਨੂੰ ਅਯੁੱਧਿਆ ਵਿੱਚ ਰਾਮ ਮੰਦਰ ਦੀ ਨੀਂਹ ਰੱਖੀ ਜਾਵੇਗੀ। ਸੰਤ ਸਵਰੂਪਾਨੰਦ ਸਰਸਵਤੀ ਨੇ ਕਿਹਾ ਸੀ, 'ਰਾਮ ਜਨਮ ਭੂਮੀ ਲਈ ਬਲੀਦਾਨ ਦੇਣ ਦਾ ਸਮਾਂ ਆ ਗਿਆ ਹੈ। ਮੰਦਰ ਦਾ ਸ਼ਾਂਤੀ ਪੂਰਨ ਅੰਦੋਲਨ ਚਲਾਇਆ ਜਾਵੇਗਾ। ਬਸੰਤ ਪੰਚਮੀ ਤੋਂ ਬਾਅਦ ਅਸੀਂ ਸਾਰੇ ਅਯੁੱਧਿਆ ਜਾਵਾਂਗੇ। ਜੇ ਸਾਨੂੰ ਰੋਕਿਆ ਗਿਆ ਤਾਂ ਅਸੀਂ ਗੋਲੀ ਖਾਣ ਨੂੰ ਵੀ ਤਿਆਰ ਹਾਂ।' ਵਰਨਣ ਯੋਗ ਹੈ ਕਿ ਅਯੁੱਧਿਆ ਵਿੱਚ ਮੰਦਰ ਉਸਾਰੀ ਦਾ ਮੁੱਦਾ ਹਾਲੇ ਸੁਪਰੀਮ ਕੋਰਟ ਵਿੱਚ ਲਟਕਿਆ ਹੈ। ਬੀਤੀ 29 ਜਨਵਰੀ ਨੂੰ ਇਸ ਕੇਸ ਦੀ ਸੁਣਵਾਈ ਹੋਣੀ ਸੀ, ਪਰ 5 ਜੱਜਾਂ ਦੀ ਬੈਂਚ ਵਿੱਚੋਂ ਜਸਟਿਸ ਐੱਚ ਏ ਬੋਬੜੇ ਦੀ ਗੈਰ-ਹਾਜ਼ਰੀ ਦੇ ਕਾਰਨ ਸੁਣਵਾਈ ਨੂੰ ਟਾਲ ਦਿੱਤਾ ਗਿਆ ਸੀ।

# ਪੀ ਜੀ ਆਈ ਐਮਰਜੈਂਸੀ ਵਿੱਚ ਰੈਜ਼ੀਡੈਂਟ ਡਾਕਟਰ ਅਤੇ ਨਰਸਿੰਗ ਕਰਮੀ ਭਿੜ ਪਏ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਉੱਤਰੀ ਭਾਰਤ ਦੀ ਸਭ ਤੋਂ ਵੱਡੇ ਸਿਹਤ ਸੰਸਥਾ ਕਹੀ ਜਾਂਦੀ ਪੀ ਜੀ ਆਈ ਦੀ ਐਮਰਜੈਂਸੀ ਵਿੱਚ ਕੱਲ੍ਹ ਰੈਜ਼ੀਡੈਂਟ ਡਾਕਟਰ ਅਤੇ ਨਰਸਿੰਗ ਦੇ ਇਕ ਮੁਲਾਜ਼ਮ ਦੀ ਝੜਪ ਹੋ ਗਈ। ਐਮਰਜੈਂਸੀ ਵਿੱਚ ਮੌਜੂਦ ਮਰੀਜ਼ ਤੇ ਉਸ ਦੇ ਪਰਵਾਰਕ ਮੈਂਬਰ ਹੈਰਾਨ ਰਹਿ ਗਏ। ਫਿਰ ਡਾਇਰੈਕਟਰ ਜਗਤਰਾਮ ਤੇ ਮੈਡੀਕਲ ਸੁਪਰਡੈਂਟ ਨੂੰ ਦਖਲ ਦੇਣਾ ਪਿਆ, ਜਿਸ ਦੇ ਬਾਅਦ ਦੋਵਾਂ ਦਾ ਸਮਝੌਤਾ ਹੋ ਗਿਆ।


ਪਤਾ ਲੱਗਾ ਹੈ ਕਿ ਐਮਰਜੈਂਸੀ ਵਿੱਚ ਕਿਸੇ ਮਰੀਜ਼ ਨੂੰ ਕੋਈ ਦਵਾਈ ਦੇਣੀ ਸੀ। ਇਹ ਦਵਾਈ ਮਹਿੰਗੀ ਹੁੰਦੀ ਹੈ ਤੇ ਇਸ ਨੂੰ ਲਾਉਣ ਲਈ ਬਾਕਾਇਦਾ ਮਾਹਰ ਵੀ ਚਾਹੀਦਾ ਹੈ। ਇਸ ਲਈ ਇਸ ਨੂੰ ਐਮਰਜੈਂਸੀ ਵਿੱਚ ਮੌਜੂਦ ਰੈਜ਼ੀਡੈਂਟ ਡਾਕਟਰ ਨੂੰ ਹੀ ਲਾਉਣ ਦੀ ਹਦਾਇਤ ਹੈ। ਰੈਜ਼ੀਡੈਂਟ ਡਾਕਟਰ ਕਿਸੇ ਹੋਰ ਮਰੀਜ਼ ਨੂੰ ਦੇਖਣ ਵਿੱਚ ਬਿਜ਼ੀ ਸੀ। ਇਸ ਲਈ ਉਨ੍ਹਾਂ ਨੇ ਨਰਸਿੰਗ ਦੇ ਇਕ ਮੁਲਾਜ਼ਮ ਨੂੰ ਦਵਾਈ ਮਰੀਜ਼ ਨੂੰ ਦੇਣ ਨੂੰ ਕਹਿ ਦਿੱਤਾ। ਨਰਸਿੰਗ ਸਟਾਫ ਨੇ ਇਸ ਬਾਰੇ ਹਾਮੀ ਭਰ ਦਿੱਤੀ, ਪਰ ਥੋੜ੍ਹੀ ਦੇਰ ਹੋਣ ਕਾਰਨ ਰੈਜ਼ੀਡੈਂਟ ਡਾਕਟਰ ਗੁੱਸੇ ਹੋ ਗਿਆ। ਇਸ 'ਤੇ ਨਰਸਿੰਗ ਮੁਲਾਜ਼ਮ ਤੈਸ਼ ਵਿੱਚ ਆ ਗਿਆ ਅਤੇ ਐਮਰਜੈਂਸੀ ਵਿੱਚ ਹੀ ਦੋਵਾਂ ਦੀ ਤੂੰ-ਤੂੰ ਮੈਂ-ਮੈਂ ਹੋਈ ਅਤੇ ਇਕ ਦੂਸਰੇ ਨਾਲ ਗਾਲੀ ਗਲੋਚ ਵੀ ਕੀਤੀ ਗਈ। ਰੈਜ਼ੀਡੈਂਟ ਡਾਕਟਰ ਦੀ ਮਦਦ ਨੂੰ ਉਥੇ ਮੌਜੂਦ ਹੋਰ ਡਾਕਟਰ ਵੀ ਆ ਗਏ ਤਾਂ ਨਰਸਿੰਗ ਮੁਲਾਜ਼ਮ ਨੇ ਵੀ ਆਪਣੇ ਸਾਥੀ ਇਕੱਠੇ ਕਰ ਲਏ। ਗੱਲ ਇੰਨੀ ਵਧ ਗਈ ਕਿ ਉਥੇ ਮੌਜੂਦ ਹੋਰ ਸਟਾਫ ਨੇ ਡਾਇਰੈਕਟਰ ਪ੍ਰੋ. ਜਗਤਰਾਮ ਅਤੇ ਮੈਡੀਕਲ ਸੁਪਰਡੈਂਟ ਪ੍ਰੋ. ਏ ਕੇ ਗੁਪਤਾ ਨੂੰ ਮੌਕੇ 'ਤੇ ਬੁਲਾ ਲਿਆ ਅਤੇ ਉਨ੍ਹਾਂ ਨੇ ਆ ਕੇ ਸਥਿਤੀ ਨੂੰ ਸੰਭਾਲਿਆ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Daljit Singh
308 Rutherford Road Brampton
905-874-9878
Inderjit Singh
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol CELL: 416-993-7378
Broker 7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

Business for Sale

TORONTO $99,000 — 2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

TORONTO $140,000 — 1051 Midland Ave : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ ਪਿਜ਼ਾ ਸ਼ਾਪ ਜਿਸ ਦੀ ਆਮਦਨ $15,000/ਮਹੀਨਾ, ਬਹੁਤ ਹੀ ਘੱਟ ਰੈਂਟ ਸਿਰਫ $1,525/ਮਹੀਨਾ, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $69,000 — 256 Brownsline Rd : ਬਹੁਤ ਹੀ ਵਧੀਆ ਚੱਲ ਰਿਹਾ ਵੀਅਤਨਾਮੀ ਤੇ ਥਾਈ ਰੈਸਟੋਰੈਂਟ, ਡੌਂਗ ਜੀਆ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋ, ਬਹੁਤ ਹੀ ਘੱਟ ਰੈਂਟ, $1,800 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $199,000 — 8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $159,900 — 2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $240,000 — 15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000 — 118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON $349,000 — 4 Kings Cross Rd : ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 1+1 ਬੈਡਰੂਮ ਅਤੇ 1 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ। ਮਾਡਰਨ ਕਿਚਨ, ਬਰੈਮਲੀ ਸਿਟੀ ਸੈਂਟਰ ਦੇ ਨੇੜੇ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900 — 3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੋਰ, ਫਿਨੀਸ਼ਡ ਬੇਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000 — 29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000 — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000 — 18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੁਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੁਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

*Canadian punjabi post assumes no responsibility for the accuracy of any information shown. Copyright Ppost 2019

# ਵਿਸ਼ਵ ਪੰਜਾਬੀ ਅਮਨ ਕਾਨਫਰੰਸ ਲਾਹੌਰ ਦਾ ਵਫਦ ਭਾਰਤ ਪਰਤਿਆ



ਲੁਧਿਆਣਾ, 5 ਫਰਵਰੀ (ਪੋਸਟ ਬਿਊਰੋ): ਵਿਸ਼ਵ ਪੰਜਾਬੀ ਕਾਂਗਰਸ ਦ ਬੁਲਾਵੇ ਤੇ ਲਾਹੌਰ ਵਿੱਚ ਪਹਿਲੀ ਫਰਵਰੀ ਤੋਂ ਤਿੰਨ ਫਰਵਰੀ ਤੀਕ ਜਨਾਬ ਫਖਰ ਜਮਾਂ ਦੀ ਪ੍ਰਧਾਨਗੀ ਹੇਠ ਕਰਵਾਈ ਗਈ ਤਿੰਨ ਰੋਜ਼ਾ ਵਿਸ਼ਵ ਪੰਜਾਬੀ ਅਮਨ ਕਾਨਫਰੰਸ ਦੇ 17ਡੈਲੀਗੇਟ ਵਾਪਸ ਪਰਤ ਆਏ ਹਨ।

ਅੱਜ ਦੁਪਹਿਰੇ ਵਾਘਾ-ਅਟਾਰੀ ਸਰਹੱਦ ਰਾਹੀਂ ਪੈਦਲ ਪਰਤ ਕੇ ਵਰਫ ਦੇ ਆਗੂਆਂ ਡਾ. ਦੀਪਕ ਮਨਮੋਹਨ ਸਿੰਘ ਤੇ ਸਹਿਜਪ੍ਰੀਤ ਸਿੰਘ ਮਾਂਗਟ ਨੇ ਦੱਸਿਆ ਕਿ ਤਿੰਨੇ ਦਿਨ ਵਫਦ ਦੇ ਮੈਂਬਰਾਂ ਤੇ ਪਾਕਿ-ਸਤਾਨ ਦੇ ਸਿਰਕੱਢ ਲੇਖਕਾਂ, ਬੁੱਧੀਜੀਵੀਆਂ ਤੇ ਕਲਾਕਾਰਾਂ ਨੇ ਕਾਨਫਰੰਸ ਵਿੱਚ ਭਰਪੂਰ ਹਿੱਸਾ ਲਿਆ।

ਵਫਦ ਦੇ ਮੈਂਬਰ ਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਸਾਡਾ ਸਭ ਦਾ ਵੀਜ਼ਾ ਭਾਵੇਂ ਲਾਹੌਰ ਤੀਕ ਸੀਮਤ ਸੀ ਪਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਦਰਿਆ ਦਿਲੀ ਕਾਰਨ ਸਾਰੇ ਡੈਲੀਗੇਟਸ ਨੂੰ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਦੀ ਪ੍ਰਵਾਨਗੀ ਮਿਲ ਗਈ। ਵਫਦ ਦੇ ਹਿੰਦੂ, ਸਿੱਖ ਤੇ ਮੁਸਲਮਾਨ ਮੈਂਬਰਾਂ ਨੇ ਨਨਕਾਣਾ ਸਾਹਿਬ ਪੁੱਜ ਕੇ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਦੇ ਦਰਸ਼ਨ ਕੀਤੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਵਫਦ ਵਿੱਚ ਸ਼ਾਮਿਲ ਪੰਜਾਬੀ ਕਵੀਆਂ ਡਾ.ਵਨੀਤਾ ਨਵੀਂ ਦਿੱਲੀ, ਦਰਸ਼ਨ ਬੁੱਟਰ (ਨਾਭਾ) ਡਾ.ਰਤਨ ਸਿੰਘ ਢਿੱਲੋਂ (ਅੰਬਾਲਾ), ਗੁਰਭਜਨ ਗਿੱਲ (ਲੁਧਿਆਣਾ), ਮਨਜਿੰਦਰ ਧਨੋਆ ਤੇ ਸਹਿਜਪ੍ਰੀਤ ਸਿੰਘ ਮਾਂਗਟ ਨੇ ਕਾਵਿ ਸ਼ਰਧਾਂਜਲੀ ਭੇਂਟ ਕੀਤੀ। ਉਸ ਜੰਡ ਥੱਲੇ ਨਨਕਾਣਾ ਸਾਹਿਬ ਵਿਖੇ 1921 ਵਿੱਚ ਫਰਵਰੀ ਮਹੀਨੇ ਅੰਗਰੇਜ਼ ਪਿੱਠੂ ਮਹੰਤ ਨਰੈਣ ਤੇ ਉਸ ਦੇ ਗੁੰਡਿਆਂ ਵੱਲੋਂ ਬੰਨ ਕੇ ਸਾੜੇ ਗਏ ਸੂਰਮੇ ਸ਼ਹੀਦਾਂ ਭਾਈ ਲਛਮਣ ਸਿੰਘ ਧਾਰੋਵਾਲੀ (ਗੁਰਦਾਸਪੁਰ) ਅਤੇ ਭਾਈ ਦਲੀਪ ਸਿੰਘ ਚੀਮਾ ਸਾਹੋਵਾਲ (ਸਿਆਲਕੋਟ) ਨੂੰ ਚੇਤੇ ਕਰਦਿਆਂ ਪ੍ਰੋ.ਗੁਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਗੁਰਦੁਆਰਾ ਸੁਧਾਰ ਤੇ ਆਜ਼ਾਦੀ ਲਹਿਰ ਦਾ ਆਦਿ ਬਿੰਦੂ ਇਹੀ ਜੰਡ ਹੈ ਜਿਸ ਨੇ ਨਨਕਾਣਾ ਸਾਹਿਬ ਮੋਰਚੇ ਤੋਂ ਬਾਅਦ ਸਿੱਖ ਗੁਰੂ ਘਰ ਜਾਗ੍ਰਤੀ ਤੇ ਆਜ਼ਾਦੀ ਲਹਿਰ ਦਾ ਆਰੰਭ ਕੀਤਾ। ਸ਼੍ਰੋਮਣੀ ਗੁਰ-ਦੁਆਰਾ ਪਬ੍ਰੰਧਕ ਕਮੇਟੀ ਦੀ ਸਥਾਪਨਾ ਵੀ ਇਸੇ ਜੰਡ ਹੇਠ ਹੋਈ ਕੁਰਬਾਨੀ ਵਿੱਚੋਂ ਹੋਈ ਹੈ। ਨਨਕਾਣਾ ਸਾਹਿਬ ਦੀ ਗੋਲਕ ਤੇ ਬਾਕੀ ਅਸਾਸਿਆਂ ਦੀ ਬਦੌਲਤ ਹੀ ਅੱਜ ਪੰਜਾਬ ਵਿੱਚ ਗੁਰੂ ਨਾਨਕ ਇੰਜਨੀਅਰਿੰਗ ਕਾਲਿਜ ਲੁਧਿਆਣਾ ਤੇ ਨਨਕਾਣਾ ਸਾਹਿਬ ਪਬਲਿਕ ਸਕੂਲਾਂ ਦਾ ਜਾਲ ਵਿਛਿਆ ਹੈ।

ਉਹਨਾਂ ਦੱਸਿਆ ਕਿ ਗੰਗਾ ਸਾਗਰ ਦੀ ਬਖਸਸ਼ਿ ਪ੍ਰਾਪਤ ਪਰਿਵਾਰ ਰਾਏ ਕੱਲਾ ਦੇ ਵੰਸ਼ਜ ਰਾਏ ਅਜੀਜ਼ ਉਲਾ ਖਾਨ ਦੀਆਂ ਕੋਸ਼ਸ਼ਿਾਂ ਸਦਕਾ ਹੀ ਵਫਦ ਦੇ ਮੈਂਬਰਾਂ ਨੂੰ ਪੂਰਾ ਪਰੋਟੋਕੋਲ ਦਿੱਤਾ ਗਿਆ ਅਤੇ ਨਨਕਾਣਾ ਸਾਹਿਬ ਜ਼ਲਿਾ ਪ੍ਰਸ਼ਾਸਨ ਵੱਲੋਂ ਸੁਆਗਤ ਕੀਤਾ ਗਿਆ। ਵਿਸ਼ਵ ਪੰਜਾਬੀ ਕਾਂਗਰਸ ਦੇ ਚੇਅਰਮੈਨ ਜਨਾਬ ਫਖਰ ਜਮਾਂ ਤੇ ਪ੍ਰਬੰਧਕ ਐਜ਼ਾਜ਼ ਚੌਧਰੀ ਨੇ ਪੈਰ ਪੈਰ ਤੇ ਸਹਿਯੋਗ ਤੇ ਅਗਵਾਈ ਦਿੱਤੀ।

ਡਿਪਟੀ ਕਮਿਸ਼ਨਰ ਨਨਕਾਣਾ ਸਾਹਿਬ ਜਨਾਬ ਰਾਜਾ ਮਨਸੂਰ ਅਹਿਮਦ ਨੇ ਦੱਸਿਆ ਕਿ ਨਨਕਾਣਾ ਸਾਹਿਬ ਸ਼ਹਿਰ ਤੇ ਜ਼ਲਿੇ ਦੇ ਸਰਬਪੱਖੀ ਵਿਕਾਸ ਲਈ 550 ਸਾਲਾ ਸਮਾਰੋਹਾਂ ਤੋਂ ਪਹਿਲਾਂ-ਪਹਿਲਾਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਕਰਨ ਲਈ ਹਾਲ ਦੀ ਘੜੀ 51 ਏਕੜ ਜ਼ਮੀਨ ਦਾ ਪ੍ਰਬੰਧਤ ਕਰ ਲਿਆ ਹੈ ਪਰ ਹੋਰ ਵੱਡੇ ਰਕਬੇ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸੇ ਤਰਾਂ ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਤੋਂ ਗੁਰਦੁਆਰਾ ਜਨਮ ਸਥਾਨ ਤੀਕ ਵਿਸ਼ੇਸ਼ ਸੁਰੰਗ-ਮਾਰਗ ਬਣਾਇਆ ਜਾ ਰਿਹਾ ਹੈ ਤਾਂ ਜੋ ਆਵਾਜਾਈ ਆਸਾਨ ਰਹੇ। ਉਹਨਾਂ ਕਿਹਾ ਕਿ ਸਿੱਖ ਸੰਗਤਾਂ ਨੂੰ ਨਵੰਬਰ ਮਹੀਨੇ ਤੋਂ ਪਹਿਲਾਂ-ਪਹਿਲਾਂ ਇਸ ਤੋਂ ਇਲਾਵਾ ਹੋਰ ਅਨੇਕਾਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਦੁਪਹਿਰ ਦਾ ਪ੍ਰੀਤੀ ਭੋਜ ਤੇ ਹਰ ਤਰਾਂ ਦੀ ਸਹੂਲਤ ਦੇਣ ਲਈ ਵਫਦ ਵੱਲੋਂ ਪ੍ਰੋ. ਗੁਰਭਜਨ ਗਿੱਲ ਤੇ ਡਾ. ਵਨੀਤਾ ਨੇ ਜ਼ਲਿਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਹਾਫਿਜ ਨਜੀਬ ਏ.ਡੀ.ਸੀ. ਨਨਕਾਣਾ ਸਾਹਿਬ ਤੇ ਹੈੱਡ ਗਰੰਥੀ ਸ. ਦਯਾ ਸਿੰਘ ਨੇ ਵਫਦ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਏ।

ਵਫਦ ਵਿੱਚ ਡਾ. ਦੀਪਕ ਮਨਮੋਹਨ ਸਿੰਘ ਦੀ ਅਗਵਾਈ ਵਿੱਚ ਸਿਰਕੱਢ ਐਡਵੋਕੇਟ ਅਮਰਪਾਲ ਸਿੰਘ ਰੰਧਾਵਾ (ਅੰਮ੍ਰਿਤਸਰ), ਡਾ. ਸ.ਸ. ਸੰਘਾ, ਕਮਲ ਗਿੱਲ ,ਪ੍ਰਿੰਸੀਪਲ ਦਸਮੇਸ਼ ਕਾਲਿਜ ਬਾਦਲ (ਮੁਕਤਸਰ), ਡਾ. ਸ਼ੁਦਿੰਰਪਾਲ ਸਿੰਘ (ਚੰਡੀਗੜ) ਮਿਸਜ ਸ਼ੁਦਿੰਰਪਾਲ , ਡਾ: ਜਸਵਿੰਦਰ ਕੌਰ ਮਾਂਗਟ, ਡਾ. ਗੁਰਦੀਪ ਕੌਰ (ਦਿੱਲੀ), ਡਾ. ਗੁਰਦੀਪ ਕੌਰ (ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ), ਡਾ. ਖਾਲਿਦ (ਕਰੋੜੀ ਮੱਲ ਕਾਲਿਜ ਦਿੱਲੀ), ਉਰਦੂ ਲੇਖਕ ਨੰਦ ਕਿਸ਼ੋਰ ਵਿਕਰਮ (ਦਿੱਲੀ) ਤੋਂ ਇਲਾਵਾ ਸਿਰਕੱਢ ਸ਼ਖਸੀਅਤਾਂ ਸ਼ਾਮਲ ਸਨ।

ਵਿਸ਼ਵ ਅਮਨ ਤੇ ਦੱਖਣੀ ਏਸ਼ੀਆ ਅਮਨ ਦੇ ਹਵਾਲੇ ਨਾਲ 13 ਮਤੇ ਕਾਨਫਰੰਸ ਵਿੱਚ ਪਾਸ ਕੀਤੇ ਗਏ, ਜਿਨਾਂ ਵਿੱਚੋਂ ਭਵਿੱਖ ਦੇ ਚੰਗੇ ਨਕਸ਼ ਉਸਰਨ ਦੀ ਆਸ ਉਮੀਦ ਹੈ।

# ਰਿਸ਼ਵਤ ਲੈ ਕੇ ਸਮਰੱਥਾ ਤੋਂ ਵੱਧ ਕਰਜ਼ਾ ਦੇ ਕੇ ਕਿਸਾਨਾਂ ਨੂੰ ਤਬਾਹ ਕੀਤਾ ਗਿਐ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਕੋਆਪਰੇਟਿਵ ਵਿਭਾਗ ਦੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੱਲ੍ਹ ਇਥੇ ਨਾਬਾਰਡ ਦੇ ਸਾਲਾਨਾ ਸਮਾਰੋਹ ਮੌਕੇ ਕਿਸਾਨਾਂ ਨੂੰ ਪਹਿਲਾਂ ਦਿੱਤੇ ਗਏ ਕਰਜ਼ਿਆਂ ਬਾਰੇ ਬੈਂਕ ਅਧਿਕਾਰੀਆਂ ਦੇ ਖਿਲਾਫ ਗੁੱਸਾ ਕੱਢਿਆ। ਨੈਸ਼ਨਲ ਐਗਰੀਕਲਚਰ ਬੈਂਕ ਫਾਰ ਰੂਰਲ ਡਿਵੈਲਪਮੈਂਟ (ਨਾਬਾਰਡ) ਦਾ ਇਹ ਪ੍ਰੋਗਰਾਮ ਸਾਲ 2019-20 ਦੇ ਕਰਜ਼ਿਆਂ ਬਾਰੇ ਸਟੇਟ ਫੋਕਸ ਪੇਪਰ ਜਾਰੀ ਕਰਨ ਲਈ ਸੀ, ਜਿਸ ਵਿੱਚ ਮੰਤਰੀ ਰੰਧਾਵਾ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਸਨ ਅਤੇ ਉਨ੍ਹਾਂ ਨੇ ਬੈਂਕਾਂ ਅਧਿਕਾਰੀਆਂ ਖਿਲਾਫ ਰੋਸ ਪ੍ਰਗਟ ਕਰਦੇ ਹੋਏ ਆਖਿਆ ਕਿ ਰਿਸ਼ਵਤ ਲੈ ਕੇ ਕਿਸਾਨਾਂ ਦੀ ਆਰਥਿਕ ਸਮਰੱਥਾ ਤੋਂ ਵੱਧ ਲਿਮਿਟਾਂ ਬਣਾਈਆਂ ਗਈਆਂ ਹਨ। ਇਨ੍ਹਾਂ ਸਥਿਤੀਆਂ ਦੇ ਚੱਲਦੇ ਨਾਬਾਰਡ ਵੱਲੋਂ ਪੰਜਾਬ ਦੇ 2300 ਕਰੋੜ ਦੇ ਕਰਜ਼ੇ ਵਿੱਚ ਕਟੌਤੀ ਕੀਤੀ ਗਈ ਹੈ।

ਮੰਤਰੀ ਨੇ ਕਿਹਾ ਕਿ ਜਿਥੇ ਇਕ ਪਾਸੇ ਪੰਜਾਬ ਨੂੰ ਜਾਅਲੀ ਟਰੈਵਲ ਏਜੰਟਾਂ ਨੇ ਆਰਥਿਕ ਲੁੱਟ ਕਰਕੇ ਕਿਸਾਨਾਂ ਨੂੰ ਬਰਬਾਦ ਕੀਤਾ, ਉਥੇ ਪੰਜਾਬ ਦੇ ਬੈਂਕ ਵਾਲਿਆਂ ਨੇ ਸਮਰੱਥਾ ਤੋਂ 3-3 ਗੁਣਾ ਵੱਧ ਕਰਜ਼ਾ ਦੇ ਕੇ ਤਬਾਹ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਕਾਰਨ ਕਿਸਾਨ ਕਰਜ਼ਾ ਵਾਪਸ ਕਰਨ ਦੇ ਅਸਮਰੱਥ ਹਨ। ਰੰਧਾਵਾ ਨੇ ਬੈਂਕ ਵਾਲਿਆਂ ਨੂੰ ਭਵਿੱਖ ਵਿੱਚ ਅਜਿਹੀ ਸਥਿਤੀ ਤੋਂ ਬਚਣ ਦੀ ਨਸੀਹਤ ਦਿੰਦੇ ਹੋਏ ਕਿਹਾ ਕਿ ਟਰੈਕਟਰਾਂ 'ਤੇ ਕਰਜ਼ੇ ਦੇਣੇ ਬੰਦ ਕਰ ਦੇਣੇ ਚਾਹੀਦੇ ਅਤੇ ਹੋਰ ਕਰਜ਼ੇ ਵੀ ਕਿਸਾਨ ਦੀ ਆਰਥਿਕ ਸਥਿਤੀ ਦੀ ਪੂਰੀ ਜਾਂਚ ਕਰਕੇ ਹੀ ਦਿੱਤੇ ਜਾਣ।

# ਜੱਜ ਨੇ ਕਿਹਾ: ਮੈਂ ਨਹੀਂ ਮੰਨਦਾ ਕਿ ਜੇਲ੍ਹ ਦੀ ਚੈੱਕ ਬੁੱਕ ਦੇ ਫਰਾਡ ਵਿੱਚ ਪੁਲਸ ਦੀ ਮਿਲੀਭੁਗਤ ਨਹੀਂ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਚੰਡੀਗੜ੍ਹ ਦੀ ਬੁੜੈਲ ਜੇਲ ਵਿੱਚ ਪਿਛਲੇ ਸਾਲ ਚੈੱਕ ਬੁੱਕ ਚੋਰੀ ਹੋ ਗਈ ਅਤੇ ਇਸ ਨਾਲ ਹੌਲੀ-ਹੌਲੀ 27 ਲੱਖ ਰੁਪਏ ਨਿਕਲ ਗਏ। ਜਦੋਂ ਇਸ ਦਾ ਖੁਲਾਸਾ ਹੋਇਆ ਤਾਂ ਸਜ਼ਾ ਭੁਗਤ ਕੇ ਨਿਕਲੇ ਕੈਦੀ ਅਮਨਦੀਪ ਸਿੰਘ ਦਾ ਨਾਂਅ ਆਇਆ। ਪੁਲਸ ਨੇ ਉਸ ਦੇ ਖਿਲਾਫ ਕੇਸ ਦਰਜ ਕੀਤਾ ਅਤੇ ਦੋਬਾਰਾ ਜੇਲ੍ਹ ਭੇਜ ਦਿੱਤਾ, ਪਰ ਜਦ ਇਹ ਕੇਸ ਜ਼ਿਲਾ ਅਦਾਲਤ ਗਿਆ ਤਾਂ ਜੱਜ ਨੇ ਕੇਸ ਪੜ੍ਹਦੇ ਸਾਰ ਜਾਂਚ ਅਧਿਕਾਰੀ (ਆਈ ਓ) ਨੂੰ ਝਾੜ ਪਾ ਕੇ ਭਰੀ ਕੋਰਟ ਵਿੱਚ ਕਹਿ ਦਿੱਤਾ ਕਿ 'ਏਹ ਚੋਰੀ ਬਿਨਾਂ ਪੁਲਸ ਦੀ ਮਿਲੀਭੁਗਤ ਦੇ ਹੋ ਹੀ ਨਹੀਂ ਸਕਦੀ। ਜੇਲ ਦੇ ਸਰਕਾਰੀ ਖਾਤੇ 'ਚੋਂ ਸਾਲ ਵਿੱਚ ਹੌਲੀ ਹੌਲੀ 27 ਲੱਖ ਰੁਪਏ ਨਿਕਲ ਗਏ ਅਤੇ ਕਿਸੇ ਨੂੰ ਪਤਾ ਹੀ ਨਹੀਂ ਲੱਗਾ।"

ਕੱਲ੍ਹ ਜੁਡੀਸ਼ੀਅਲ ਮੈਜਿਸਟਰੇਟ ਰਾਜੀਵ ਗੋਇਲ ਦੀ ਕੋਰਟ ਵਿੱਚ ਅਮਨਦੀਪ ਦੀ ਜ਼ਮਾਨਤ ਪਟੀਸ਼ਨ 'ਤੇ ਬਹਿਸ ਹੋਈ ਤਾਂ ਜੱਜ ਰਾਜੀ ਗੋਇਲ ਨੇ ਟਿੱਪਣੀ ਕਰਦੇ ਹੋਏ ਆਈ ਓ ਨੂੰ ਕਿਹਾ ਕਿ ਪੁਲਸ ਨੇ ਸਹੀ ਜਾਂਚ ਨਹੀਂ ਕੀਤੀ, ਤੁਸੀਂ ਇਮਾਨਦਾਰੀ ਨਾਲ ਨੌਕਰੀ ਕੀਤੀ ਹੈ ਤਾਂ ਇਸ ਕੇਸ ਵਿੱਚ ਜਿਸ ਦੀ ਮਿਲੀਭੁਗਤ ਹੈ, ਉਨ੍ਹਾਂ ਸਭ ਦੇ ਖਿਲਾਫ ਕਾਰਵਾਈ ਕਰੋ। ਇਸ ਉੱਤੇ ਆਈ ਓ ਨੇ ਕੋਈ ਜਵਾਬ ਨਹੀਂ ਦਿੱਤਾ। ਜੱਜ ਨੇ ਫਿਰ ਕਿਹਾ ਕਿ 'ਤੁਹਾਨੂੰ ਦੇਖ ਕੇ ਲੱਗਦਾ ਨਹੀਂ ਕਿ ਤੁਸੀਂ ਕੁਝ ਐਕਸ਼ਨ ਲਵੋਗੇ।' ਜੱਜ ਨੇ ਇਹ ਵੀ ਕਿਹਾ ਕਿ "ਤੁਸੀਂ ਕਿਸੇ ਦੇ ਦਬਾਅ ਵਿੱਚ ਨਾ ਆਉਣਾ, ਸਹੀ ਢੰਗ ਨਾਲ ਇਸ ਕੇਸ ਦੀ ਇਨਕਵਾਇਰੀ ਕਰਨਾ।"

PUNJAB SINDH FINANCE
TRUCK/TRAILER LOAN & REFINANCE
PUNJABSINDH FINANCE · EVERY % MAKES A DIFFERENCE
ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ Financing/Refinancing ਦਾ ਪੂਰਾ ਪ੍ਰਬੰਦ
• Quick Loan Approval Guranteed
• Bad credit........ No Problem
• Low Down Payment
• Lowest Rate of Interest
• Paper Work...... Minimum
• Best Flexible Terms & Conditions
Gary Chatha
President
647.227.3385
info@punjabsindhfinance.com
905.440.0000
6665 Tomken Rd #202, Mississauga, ON L5T 2C5 (Tomken/Midway)

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
• TAX • HST REBATE • CORPORATION SET UP
• ACCOUNTING • BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ: 905.247.0193
148-2960 Drew Road, Mississauga ON L4T 0A5 | Harcharan S. Grover

Real Estate Exam Prep
ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ
The Rules are changing For Real Estate Licence
It will become a Full Time College course soon!
To Avoid going to college for 2-3 Years, Join Now
Call: 647-625-7961
Pass each exam in just 2 weeks
○ Easy to Understand Material
○ Important Practice Questions
○ Limited Summarized Material
REAL ESTATE EXAM!
2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਸਹੀ ਕਦਮ ਹੈ ਮੂਲਵਾਸੀ ਭਾਸ਼ਾਵਾਂ ਦੀ ਰਖਵਾਲੀ ਲਈ ਬਿੱਲ

ਜਨਵਰੀ 2008 ਦੀ ਅਲਾਸਕਾ ਤੋਂ ਉਸ ਖ਼ਬਰ ਤੋਂ ਦਰਦਨਾਕ ਹੋਰ ਕੀ ਹੋ ਸਕਦਾ ਹੈ ਕਿ ਐਂਕਰਗੇਟ ਨਾਮਕ ਕਸਬੇ ਵਿੱਚ ਮੌਤ ਇੱਕ 89 ਸਾਲਾ ਬੀਬੀ ਮਰੀ ਸਮਿਥ ਜੋਨਜ਼ ਦੀ ਹੋਈ ਅਤੇ ਅੰਤਮ ਸੰਸਕਾਰ ਦੋ ਕੀਤੇ ਗਏ, ਇੱਕ ਮਰੀ ਸਮਿਥ ਜੋਨਜ਼ ਦਾ ਅਤੇ ਦੂਜਾ ਏਆਕ (Eyak) ਭਾਸ਼ਾ ਦਾ ਜਿਸਨੂੰ ਬੋਲਣ ਵਾਲੀ ਉਹ ਇੱਕੋ ਇੱਕ ਇਨਸਾਨ ਸੀ।

ਕੱਲ ਪਾਰਲੀਮੈਂਟ ਵਿੱਚ ਹੈਰੀਟੇਜ ਮੰਤਰੀ ਪਾਬਲੋ ਰੋਡਰੀਗਜ਼ ਵੱਲੋਂ ਬਿੱਲ ਸੀ 91 ਪੇਸ਼ ਕੀਤਾ ਗਿਆ ਜਿਸਦਾ ਮੰਤਵ ਕੈਨੇਡਾ ਵਿੱਚ ਮੂਲਵਾਸੀ ਭਾਸ਼ਾਵਾਂ ਦੀ ਰਖਵਾਲੀ ਕਰਨਾ ਹੈ। ਇਸ ਬਿੱਲ ਤਹਿਤ ਮੂਲਵਾਸੀ ਭਾਸ਼ਾਵਾਂ ਲਈ ਇੱਕ ਕਮਿਸ਼ਨਰ ਦੇ ਦਫ਼ਤਰ ਦੀ ਸਥਾਪਨਾ ਕੀਤੀ ਜਾਵੇਗੀ ਅਤੇ ਕੈਨੇਡਾ ਦੀਆਂ ਜੱਦੀ ਭਾਸ਼ਾਵਾਂ ਨੂੰ ਨਰੋਆ ਰੱਖਣ ਲਈ ਵਧੇਰੇ ਫੰਡ ਦਿੱਤੇ ਜਾਣਗੇ। ਬਿੱਲ ਇਸ ਗੱਲ ਦੀ ਆਸ ਬੰਨਾਉਂਦਾ ਹੈ ਕਿ ਕਰੀ, ਓਜੀਬਵੇਅ, ਓਜੀ-ਕਰੀ, ਇਨੁਕਟੀਟੁਟ ਅਤੇ ਮੋਅਹਾਕ (Cree, Ojibway, Oji-Cree, Inuktitut & Mohawk) ਵਰਗੀਆਂ ਜੋ ਭਾਸ਼ਾਵਾਂ ਹਾਲੇ ਵੀ ਬੋਲੀਆਂ ਜਾਂਦੀਆਂ ਹਨ, ਉਹਨਾਂ ਨੂੰ ਕਾਇਮ ਦਾਇਮ ਰੱਖਣ ਲਈ ਯਤਨ ਜਾਰੀ ਰਹਿਣਗੇ। ਜੇ ਇਹ ਬਿੱਲ ਸਿਆਸੀ ਵਾਅਦਿਆਂ ਦੀ ਬਲੀ ਨਾ ਚੜੇ ਤਾਂ ਕਿਹਾ ਜਾ ਸਕਦਾ ਹੈ ਕਿ ਸਹੀ ਦਿਸ਼ਾ ਵਿੱਚ ਸਹੀ ਕਦਮ ਹੈ।

ਕੈਨੇਡਾ ਵਿੱਚ 90 ਦੇ ਕਰੀਬ ਮੂਲਵਾਸੀ ਭਾਸ਼ਾਵਾਂ ਹਨ ਜਿਹਨਾਂ ਵਿੱਚੋਂ ਸਿਰਫ਼ 3 (ਕਰੀ, ਇਨੁਕਟੀਟੁਟ ਅਤੇ ਓਜੀਬਵੇਅ) ਹਨ ਜਿਹਨਾਂ ਦੇ ਬਚ ਜਾਣ ਦੀ ਉਮੀਦ ਹੈ। 75% ਦੇ ਕਰੀਬ ਮੂਲਵਾਸੀ ਭਾਸ਼ਾਵਾਂ ਜਾਂ ਤਾਂ ਖਤਮ ਹੋ ਚੁੱਕੀਆਂ ਹਨ ਜਾਂ ਫੇਰ ਖਤਮ ਹੋਣ ਦੇ ਕਿਨਾਰੇ ਹਨ। ਸਥਿਤੀ ਐਨੀ ਨਾਜ਼ੁਕ ਹੈ ਕਿ ਕਈ ਭਾਸ਼ਾਵਾਂ ਨੂੰ ਬੋਲਣ ਵਾਲੇ 5-7 ਲੋਕ ਹੀ ਰਹਿ ਗਏ ਹਨ। ਇਸਦਾ ਇੱਕ ਕਾਰਣ ਸਦੀਆਂ ਤੋਂ ਲਾਗੂ ਨਿਜ਼ਾਮ ਹੈ ਜਿਸ ਵਿੱਚ ਮੂਲਵਾਸੀਆਂ ਦੇ ਰਿਵਾਜਾਂ, ਸੰਸਕਾਰਾਂ ਅਤੇ ਭਾਸ਼ਾ ਨੂੰ ਹੀਣਾ ਸਮਝ ਕੇ ਦਰਕਾਰਿਆ ਗਿਆ।

ਮੂਲਵਾਸੀ ਭਾਸ਼ਾਵਾਂ ਨੂੰ ਥੋੜਾ ਬਹੁਤਾ ਮਾਣ ਸਨਮਾਨ ਦੇਣ ਲਈ ਕਨੂੰਨ ਬਣਾਉਣਾ ਬੇਸ਼ੱਕ ਇੱਕ ਚੰਗਾ ਕਦਮ ਹੈ ਪਰ ਜਦੋਂ ਤੱਕ ਇਹਨਾਂ ਭਾਸ਼ਾਵਾਂ ਦੀ ਪੜਾਈ ਦਾ ਸਹੀ ਇੰਤਜ਼ਾਮ ਨਹੀਂ ਹੋਵ-ੇਗਾ ਤਾਂ ਕੁੱਝ ਬਹੁਤ ਚੰਗਾ ਹੋ ਜਾਣ ਦੀ ਉਮੀਦ ਰੱਖਣਾ ਗਲਤ ਹੋਵੇਗਾ। ਮਿਸਾਲ ਵਜੋਂ ਕੈਨੇਡਾ ਵਿੱਚ ਅੰਗਰੇਜ਼ੀ ਜਾਂ ਫਰੈਂਚ ਭਾਸ਼ਾ ਵਿੱਚ ਵਿੱਦਿਆ ਹਾਸਲ ਕਰਨ ਵਾਲੇ ਇੱਕ ਵਿੱਦਿਆਰਥੀ ਉੱਤੇ ਇੱਕ ਸਾਲ ਵਿੱਚ ਔਸਤਨ 4000 ਹਜ਼ਾਰ ਡਾਲਰ ਖਰਚ ਆਉਂਦੇ ਹਨ। ਇਸਦੇ ਉਲਟ ਮੂਲਵਾਸੀ ਭਾਸ਼ਾਵਾਂ ਦੇ ਵਿਕਾਸ ਲਈ ਜੋ ਫੰਡ ਦਿੱਤੇ ਜਾਂਦੇ ਹਨ ਉਹ ਪ੍ਰਤੀ ਮੂਲਵਾਸੀ ਬੱਚਾ 4 ਡਾਲਰ ਬਣਦੇ ਹਨ। ਅਜਿਹੇ ਹਾਲਾਤਾਂ ਵਿੱਚ ਕਰਾਂਤੀਕਾਰੀ ਤਬਦੀਲੀ ਆਉਣੀ ਸੰਭਵ ਹੀ ਨਹੀਂ ਸਗੋਂ ਨਾਮੁਮਕਿਨ ਹੈ। ਖਾਸ ਕਰਕੇ ਜਦੋਂ ਇਸ ਬਿੱਲ ਵਿੱਚ ਮੂਲਵਾਸੀ ਭਾਸ਼ਾਵਾਂ ਨੂੰ ਅੰਗਰੇਜ਼ੀ ਜਾਂ ਫਰੈਂਚ ਦੇ ਬਰਾਬਰ ਦਰਜ਼ਾ ਦੇਣ ਦੀ ਗੱਲ ਨਹੀਂ ਕੀਤੀ ਗਈ ਹੈ।

ਯੂਨੈਸਕੋ ਵੱਲੋਂ ਤਿਆਰ ਕੀਤੇ ਗਏ ਇੱਕ ਦਸਤਾਵੇਜ਼ ਦੱਸਿਆ ਗਿਆ ਹੈ ਕਿ ਕੈਨੇਡਾ ਦੇ ਉਹਨਾਂ ਲੋਕਾਂ ਵਿੱਚ ਆਪਣੀ ਮਾਂ ਬੋਲੀ (ਮੂਲਵਾਸੀ ਭਾਸ਼ਾ) ਬੋਲੇ ਜਾਣ ਦੇ 49% ਆਸਾਰ ਹੁੰਦੇ ਹਨ ਜਿਹੜੇ ਰੀਜ਼ਰਵਾਂ ਵਿੱਚ ਰਹਿੰਦੇ ਹਨ ਜਦੋਂ ਕਿ ਰੀਜ਼ਰਵ ਤੋਂ ਬਾਹਰ ਰਹਿਣ ਵਾਲਿਆਂ ਵਿੱਚ ਇਹ ਸੰਭਾਵਨਾ ਘੱਟ ਕੇ 14% ਰਹਿ ਜਾਂਦੀ ਹੈ। ਅੱਜ ਦੀ ਸਥਿਤੀ ਇਹ ਹੈ ਕਿ ਲਗਭੱਗ 50% ਮੂਲਵਾਸੀ ਰੀਜ਼ਰਵਾਂ ਤੋਂ ਬਾਹਰ ਕਸਬਿਆਂ ਸ਼ਹਿਰਾਂ ਵਿੱਚ ਵੱਸਦੇ ਹਨ । ਇਸਦਾ ਅਰਥ ਹੈ ਕਿ ਭਾਸ਼ਾਵਾਂ ਦੀ ਸੁਰੱਖਿਆ ਕਰਨ ਵਿੱਚ ਚੁਣੌਤੀਆਂ ਹੋਰ ਵੀ ਵੱਡੀਆਂ ਹਨ। ਚੰਗੀ ਗੱਲ ਇਹ ਹੈ ਕਿ ਪਿਛਲੇ ਸਾਲਾਂ ਤੋਂ ਮੂਲਵਾਸੀ ਭਾਸ਼ਾਵਾਂ ਵਿੱਚ ਲੋਕਾਂ ਦੀ ਰੁਚੀ ਵਧੀ ਹੈ ਜਿਸ ਕਾਰਣ ਛੋਟੀ ਉਮਰ ਦੇ ਮੂਲਵਾਸੀ ਬੱਚਿਆਂ ਵਿੱਚ ਆਪਣੀ ਮਾਂ ਬੋਲੀ ਪ੍ਰਤੀ ਪਰੇਮ ਵਧਿਆ ਹੈ।

ਭਾਸ਼ਾਵਾਂ ਦੇ ਮਰ ਜਾਣ ਦੀ ਇੱਕ ਦਰਦਨਾਕ ਕਹਾਣੀ ਹੈ ਅਤੇ ਪੰਜਾਬੀ ਭਾਸ਼ਾ ਦਾ ਲਗਾਤਾਰ ਮਰਦੇ ਜਾਣ ਦਾ ਆਪਣਾ ਦੁੱਖ ਹੈ। ਇਸ ਲਈ ਹੋਰਾਂ ਨਾਲੋਂ ਵੱਧ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਮੂਲਵਾਸੀਆਂ ਦੇ ਦਰਦ ਨੂੰ ਦਿਲ ਤੋਂ ਸਮਝਣ। ਸਾਨੂੰ ਆਪਣੇ ਬੱਚਿਆਂ ਨਾਲ ਮੂਲਵਾਸੀ ਭਾਸ਼ਾਵਾਂ ਦੇ ਕੁੱਝ ਸ਼ਬਦ ਸਾਂਝੇ ਕਰਨੇ ਚਾਹੀਦੇ ਹਨ ਅਤੇ ਖੁਦ ਵੀ ਇਹਨਾਂ ਭਾਸ਼ਾਵਾਂ ਬਾਰੇ ਥੋੜਾ ਬਹੁਤਾ ਗਿਆਨ ਹਾਸਲ ਕਰਨਾ ਚਾਹੀਦਾ ਹੈ। ਮਿਸਾਲ ਵਜੋਂ ਹੁਰੋਂਟੇਰੀਓ, ਓਂਟੇਰੀਓ, ਸੈਨੇਕਾ, ਮਿਸੀਸਾਗਾ ਆਦਿ ਸ਼ਬਦ ਸਾਡੀ ਬੋਲੀ ਆਮ ਦਾ ਹਿੱਸਾ ਹਨ ਜੋ ਮੂਲਵਾਸੀ ਸੱਭਿਆਚਾਰ, ਜੀਵਨ ਅਤੇ ਭਾਸ਼ਾ ਦਾ ਅਨਿੱਖੜਵਾਂ ਅੰਗ ਹਨ। ਕੀ ਚੰਗਾ ਨਹੀਂ ਹੋਵੇਗਾ ਕਿ ਅਸੀਂ ਅਜਿਹੇ ਸ਼ਬਦਾਂ ਦੇ ਅਰਥਾਂ ਅਤੇ ਉਹਨਾਂ ਦੇ ਪਿਛੋਕੜ ਨੂੰ ਜਾਨਣ ਦੀ ਕੋਸ਼ਿਸ਼ ਕਰੀਏ? ਸਰਕਾਰ ਆਪਣੀ ਥਾਂ ਬਿੱਲ ਲਿਆਵੇ, ਕਨੂੰਨ ਬਣਾਵੇ ਪਰ ਸਾਨੂੰ ਨਿੰਜੀ ਯਤਨ ਕਰਨ ਤੋਂ ਕੌਣ ਰੋਕਦਾ ਹੈ?

## ਲੀਹ ਤੋਂ ਉਤਰਨ ਤੋਂ ਪਹਿਲਾਂ ਆਪਣੇ ਆਪ ਹੀ ਰੁੜ੍ਹਨੀ ਸ਼ੁਰੂ ਹੋਈ ਸੀ ਕੈਨੇਡੀਅਨ ਪੈਸੇਫਿਕ ਗੱਡੀ : ਟੀਐਸਬੀ

...ਪੰਨਾ 1 ਦਾ ਬਾਕੀ

ਹੈਂਡਬ੍ਰੇਕਜ਼ ਕਦੇ ਲਾਈਆਂ ਹੀ ਨਹੀਂ ਗਈਆਂ। ਮੰਗਲਵਾਰ ਨੂੰ ਸੀਨੀਅਰ ਜਾਂਚਕਾਰ ਜੇਮਜ਼ ਕਾਰਮਾਈਕਲ ਨੇ ਆਖਿਆ ਕਿ ਅਮਲੇ ਨੇ ਇਸ ਵਿੱਚ ਕੁੱਝ ਵੀ ਨਹੀਂ ਕੀਤਾ। ਗੱਡੀ ਆਪਣੇ ਆਪ ਹੀ ਰੁੜ੍ਹਨ ਲੱਗੀ।

ਉਨ੍ਹਾਂ ਦੱਸਿਆ ਕਿ ਕੈਲਗਰੀ ਸਥਿਤ ਅਮਲਾ ਸੋਮਵਾਰ ਨੂੰ ਫੀਲਡ ਦੇ ਪੂਰਬ ਵਿੱਚ ਗੱਡੀ ਦਾ ਚਾਰਜ ਇਸ ਲਈ ਸਾਂਭਣ ਜਾ ਰਿਹਾ ਸੀ ਕਿਉਂਕਿ ਪਹਿਲਾਂ ਤੋਂ ਕੰਮ ਕਰ ਰਹੇ ਵਰਕਰਜ਼ ਵੱਧ ਤੋਂ ਵੱਧ ਕੰਮ ਕਰਨ ਦੀ ਹੱਦ ਪੂਰੀ ਕਰਨ ਵਾਲੇ ਸਨ। ਨਵਾਂ ਅਮਲਾ ਅਜੇ ਗੱਡੀ ਨੂੰ ਲਿਜਾਣ ਲਈ ਤਿਆਰ ਨਹੀਂ ਸੀ ਜਦੋਂ ਤੜ੍ਹਕੇ 1:00 ਵਜੇ ਗੱਡੀ ਆਪਣੇ ਆਪ ਹੀ ਰੁੜ੍ਹਨ ਲੱਗ ਪਈ। ਉਨ੍ਹਾਂ ਦੱਸਿਆ ਕਿ ਗੱਡੀ ਦੀਆਂ 112 ਬੋਗੀਆਂ ਸਨ ਜਿਨ੍ਹਾਂ ਵਿੱਚ ਅਨਾਜ ਵੈਨਕੂਵਰ ਲਿਜਾਇਆ ਜਾ ਰਿਹਾ ਸੀ। ਪਹਾੜੀ ਇਲਾਕੇ ਵਿੱਚ ਪਾਰਕ ਕੀਤੀ ਇਹ ਗੱਡੀ ਮੋੜ-ਘੋੜ ਵਾਲੇ ਟਰੈਕ ਉੱਤੇ ਆਪੇ ਹੀ ਰੁੜ੍ਹ ਪਈ ਤੇ ਇਸ ਦੀ ਰਫਤਾਰ 32 ਕਿਲੋਮੀਟਰ ਪ੍ਰਤੀ ਘੰਟੇ ਤੱਕ ਅੱਪੜ ਗਈ।

ਗੱਡੀ ਤਿੰਨ ਕਿਲੋਮੀਟਰ ਤੱਕ ਰੁੜ੍ਹਦੀ ਰਹੀ ਤੇ ਫਿਰ ਕਿਕਿੰਗ ਹੌਰਸ ਰਿਵਰ ਉੱਤੇ ਬਨੇ ਪੁਲ ਤੋਂ ਥੋੜ੍ਹਾ ਪਹਿਲਾਂ ਹੀ ਲੀਹ ਤੋਂ ਲੱਥ ਗਈ। ਗੱਡੀ ਦੀਆਂ ਸਿਰਫ 13 ਬੋਗੀਆਂ ਹੀ ਲੀਹ ਉੱਤੇ ਬਚੀਆਂ। ਅਮਲਾ ਸੱਭ ਤੋਂ ਮੂਹਰਲੇ ਡੱਬੇ ਵਿੱਚ ਸੀ ਤੇ ਇਸ ਡੱਬੇ ਨੂੰ ਕਾਫੀ ਨੁਕਸਾਨ ਪਹੁੰਚਿਆ। ਕਾਰਮਾਈਕਲ ਨੇ ਦੱਸਿਆ ਕਿ ਅਜੇ ਤੱਕ ਡਾਟਾ ਰਿਕਾਰਡਰ ਹਾਸਲ ਨਹੀਂ ਹੋ ਸਕਿਆ ਹੈ। ਮ੍ਰਿਤਕਾਂ ਦੀ ਪਛਾਣ ਕੰਡਕਟਰ ਡਾਇਲਨ ਪੈਰਾਡਿਸ, ਇੰਜੀਨੀਅਰ ਐਂਡਰਿਊ ਡੌਕਰੈੱਲ ਤੇ ਟਰੇਨੀ ਡੈਨੀਅਲ ਵਾਲਡਨਬਰਗਰ ਬਲਮਰ ਵਜੋਂ ਹੋਈ ਹੈ।

## ਪੈਰਿਸ ਵਿੱਚ ਇੱਕ ਇਮਾਰਤ ’ਚ ਲੱਗੀ ਅੱਗ, 10 ਹਲਾਕ

...ਪੰਨਾ 1 ਦਾ ਬਾਕੀ

ਗ੍ਰਹਿ ਮੰਤਰੀ ਕ੍ਰਿਸਟੋਫੇ ਕਾਸਟੈਨਰ ਮੌਕੇ ਉੱਤੇ ਪਹੁੰਚੇ ਉੱਚ ਅਧਿਕਾਰੀ ਸਨ। ਉਨ੍ਹਾਂ ਆਖਿਆ ਕਿ ਪੈਰਿਸ ਦੇ ਫਾਇਰਫਾਈਟਰਜ ਦੇ ਜਜਬੇ ਨੂੰ ਸਲਾਮ ਕਰਨਾ ਬਣਦਾ ਹੈ ਜਿਨ੍ਹਾਂ ਮੌਕੇ ਉੱਤੇ ਪਹੁੰਚ ਕੇ ਹੋਰ ਨੁਕਸਾਨ ਹੋਣ ਤੋਂ ਬਚਾਅ ਲਿਆ। 250 ਦੇ ਨੇੜੇ ਤੇੜੇ ਲੋਕ ਮੌਕੇ ਉੱਤੇ ਪਹੁੰਚ ਗਏ ਤੇ ਉਨ੍ਹਾਂ ਰਾਤ ਭਰ ਮਾੜੇ ਹਾਲਾਤ ਦੇ ਬਾਵਜੂਦ 50 ਲੋਕਾਂ ਨੂੰ ਬਚਾਅ ਲਿਆ।

ਫਾਇਰਫਾਈਟਰਜ ਨੇ ਕੁੱਝ ਵਿਅਕਤੀਆਂ ਨੂੰ ਇਮਾਰਤ ਦੀ ਛੱਤ ਤੋਂ ਬਚਾਇਆ ਜਦਕਿ ਕੁੱਝ ਹੋਰਨਾਂ ਨੂੰ ਵੀ ਬਚਾਇਆ ਗਿਆ ਜਿਨ੍ਹਾਂ ਨੇ ਅੱਗ ਦੀਆਂ ਲਪਟਾਂ ਤੋਂ ਬਚਣ ਲਈ ਖਿੜਕੀਆਂ ਤੋਂ ਛਾਲਾਂ ਮਾਰ ਦਿੱਤੀਆਂ ਸਨ। ਕਾਰਟੈਨਰ ਨੇ ਆਖਿਆ ਕਿ ਅੱਗ ਦੂਜੀ ਮੰਜਿਲ ਉੱਤੇ ਲੱਗੀ ਤੇ ਉਸ ਉੱਤੇ ਕਾਬੂ ਪਾ ਲਿਆ ਗਿਆ। 30 ਤੋਂ ਵੱਧ ਲੋਕਾਂ ਨੂੰ ਮੁਕਾਬਲਤਨ ਘੱਟ ਸੱਟਾਂ ਲੱਗਣ ਕਾਰਨ ਉਨ੍ਹਾਂ ਦਾ ਫੌਰੀ ਇਲਾਜ ਵੀ ਕੀਤਾ ਗਿਆ। ਉਨ੍ਹਾਂ ਆਖਿਆ ਕਿ ਜਦੋਂ ਫਾਇਰਫਾਈਟਰਜ ਪਹੁੰਚੇ ਉਸ ਤੋਂ ਪਹਿਲਾਂ ਤੋਂ ਹੀ ਹਾਲਾ ਕਾਬੂ ਤੋਂ ਬਾਹਰ ਹੋ ਸਕਦੇ ਸਨ।

ਪ੍ਰਸਿਕਿਊਟਰ ਰੈਮੀ ਹੇਟਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਇਹ ਮੁਜਰਮਾਨਾਂ ਕਾਰਵਾਈ ਹੈ। ਜਖਮੀਆਂ ਵਿੱਖ ਅੱਠ ਫਾਇਰਫਾਈਟਰਜ ਵੀ ਸਨ।

## ਘਰੇਲੂ ਕਲੇਸ਼ ਕਾਰਨ ਪਰਵਾਰ ਦੇ ਚਾਰ ਜੀਆਂ ਨੇ ਜ਼ਹਿਰ ਖਾ ਲਿਆ

ਬਟਾਲਾ, 5 ਫਰਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਬਹਾਦਰ ਹੁਸੈਨ ਵਿੱਚ ਇਕ ਨੌਜਵਾਨ ਤੇ ਉਸ ਨਾਲ ਰਹਿੰਦੀ ਇਕ ਔਰਤ ਅਤੇ ਉਸ ਦੇ ਦੋ ਬੱਚਿਆਂ ਨੇ ਘਰੇਲੂ ਕਲੇਸ਼ ਕਾਰਨ ਕੋਈ ਜ਼ਹਿਰੀਲੀ ਚੀਜ਼ ਖਾ ਲਈ, ਜਿਨ੍ਹਾਂ ਨੂੰ ਸਿਵਲ ਹਸਪਤਾਲ ਬਟਾਲਾ ਦਾਖਲ ਕਰਵਾਇਆ ਗਿਆ। ਡਾਕਟਰਾਂ ਨੇ ਦੋਵਾਂ ਬੱਚਿਆਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਔਰਤ ਅਤੇ ਨੌਜਵਾਨ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਜਸਵਿੰਦਰ ਸਿੰਘ (35) ਵਾਸੀ ਬਹਾਦਰ ਹੁਸੈਨ ਇਸੇ ਪਿੰਡ ਵਿੱਚ ਆਪਣੀ ਪਤਨੀ ਦੇ ਨਾਲ ਰਹਿੰਦਾ ਹੈ ਅਤੇ ਜਸਵਿੰਦਰ ਸਿੰਘ ਦੇ ਨਾਲ ਉਸ ਦੇ ਘਰ ਵਿੱਚ ਨਰਗਿਸ ਨਾਂ ਦੀ ਇਕ ਔਰਤ ਨਾਜਾਇਜ਼ ਰੂਪ 'ਚ ਆਪਣੇ ਦੋ ਬੱਚਿਆਂ ਬੇਟਾ ਰਾਹੁਲ (14) ਅਤੇ ਬੇਟੀ ਹੈਪੀ (17) ਨਾਲ ਰਹਿ ਰਹੀ ਸੀ। ਕੱਲ੍ਹ ਸ਼ਾਮ ਕਿਸੇ ਕਾਰਨ ਘਰ ਵਿੱਚ ਝਗੜਾ ਹੋ ਗਿਆ, ਜਿਸ ਕਾਰਨ ਜਸਵਿੰਦਰ ਅਤੇ ਨਰਗਿਸ ਨੇ ਦੋਵਾਂ ਬੱਚਿਆਂ ਨੂੰ ਜ਼ਹਿਰ ਦੇ ਕੇ ਖੁਦ ਵੀ ਜ਼ਹਿਰ ਖਾ ਲਿਆ। ਪਤਾ ਲੱਗਾ ਹੈ ਕਿ ਨਰਗਿਸ ਦੇ ਚਾਰ ਬੱਚੇ ਹਨ ਅਤੇ ਉਸ ਦੇ ਦੋ ਬੱਚੇ ਉਸ ਦੇ ਪਹਿਲੇ ਪਤੀ ਕੋਲ ਹਨ। ਲੋਕਾਂ ਨੇ ਉਨ੍ਹਾਂ ਨੂੰ ਸਿਵਲ ਹਸਪਤਾਲ ਬਟਾਲਾ ਵਿਖੇ ਦਾਖਲ ਕਰਵਾਇਆ, ਜਿਥੇ ਡਾਕਟਰਾਂ ਨੇ ਦੋਵਾਂ ਬੱਚਿਆਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਐਸ ਐਮ ਓ ਬਟਾਲਾ ਡਾ. ਸੰਜੀਵ ਭੱਲਾ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਮੌਤਾਂ ਦਾ ਕਾਰਨ ਜ਼ਹਿਰ ਨਿਗਲਣਾ ਲੱਗਦਾ ਹੈ, ਪਰ ਇਸ ਦੀ ਪੁਸ਼ਟੀ ਪੋਸਟ ਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੋਵੇਗੀ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਐਨ ਆਰ ਆਈ ਦੀਆਂ ਦੁਕਾਨਾਂ ਉੱਤੇ ਕਬਜ਼ਾ ਕਰਨ ਦੇ ਦੋਸ਼ ਹੇਠ ਦੋ ਜਣਿਆਂ ਉੱਤੇ ਕੇਸ ਦਰਜ

ਕਪੂਰਥਲਾ, 5 ਫਰਵਰੀ (ਪੋਸਟ ਬਿਊਰੋ)- ਇਕ ਐਨ ਆਰ ਆਈ ਦੀ ਸ਼ਿਕਾਇਤ 'ਤੇ ਉਸ ਦੀਆਂ ਦੁਕਾਨਾਂ 'ਤੇ ਕਬਜ਼ਾ ਕਰਨ ਦੇ ਮਾਮਲੇ 'ਚ ਥਾਣਾ ਐਨ ਆਰ ਆਈ ਕਪੂਰਥਲਾ ਨੇ ਦੋ ਜਣਿਆਂ ਉੱਤੇ ਕੇਸ ਦਰਜ ਕੀਤਾ ਹੈ।

ਅਭਿਸ਼ੇਕ ਸ਼ਰਮਾ ਵਾਸੀ ਮੁਹੱਲਾ ਸੁਖਜੀਤ ਨਗਰ (ਹਾਲ ਵਾਸੀ ਆਸਟਰੇਲੀਆ) ਨੇ ਦੱਸਿਆ ਕਿ ਉਹ 14 ਸਾਲ ਤੋਂ ਪਰਵਾਰ ਸਮੇਤ ਆਸਟਰੇਲੀਆ ਵਿੱਚ ਰਹਿ ਰਿਹਾ ਹੈ। ਕੁਝ ਲੋਕ ਉਸ ਦੀ ਗੈਰ ਹਾਜ਼ਰੀ ਵਿੱਚ ਉਸ ਦੀ ਜਾਇਦਾਦ ਉਤੇ ਕਬਜ਼ਾ ਕਰਨਾ ਚਾਹੁੰਦੇ ਸਨ। ਉਨ੍ਹਾਂ ਆਪਣੀਆਂ ਦੋ ਦੁਕਾਨਾਂ ਨਰਿੰਦਰ ਕਾਲੀਆ ਵਾਸੀ ਬਰਮਪੁਰ ਜਲੰਧਰ ਅਤੇ ਓਮ ਦਤ ਕਾਲੀਆ ਵਾਸੀ ਬਰਮ-ਪੁਰ ਜਲੰਧਰ, ਜੋ ਅਮਰੀਕਾ ਵਿੱਚ ਆਪਣੇ ਪਰਵਾਰ ਸਮੇਤ ਜਾ ਵਸੇ ਸਨ, ਨੂੰ ਕਿਰਾਏ 'ਤੇ ਦਿੱਤੀਆਂ ਹੋਈਆਂ ਸਨ। ਉਨ੍ਹਾਂ ਨੇ ਇਹ ਦੁਕਾਨਾਂ ਅੱਗੇ ਹਰਵਿੰਦਰ ਕਾਲੀਆ ਅਤੇ ਸਰਬਜੀਤ ਕਾਲੀਆ ਨੂੰ ਸੌਂਪ ਦਿੱਤੀਆਂ, ਜਿਸ ਨੇ ਅੱਗ ਇਸ ਦੀਆਂ ਚਾਬੀਆਂ ਗੁਰਜੀਤ ਬਾਵਾ ਉਰਫ ਜੋਲੀ ਬਾਵਾ ਨੂੰ ਦੇ ਦਿੱਤੀਆਂ। ਐਨ ਆਰ ਆਈ ਨੇ ਦੋਸ਼ ਲਾਇਆ ਕਿ ਨਰਿੰਦਰ ਕਾਲੀਆ ਅਤੇ ਓਮ ਦੱਤ ਕਾਲੀਆ ਦੀ ਚੁੱਕਣਾ ਵਿੱਚ ਆ ਕੇ ਕੁਝ ਸ਼ਰਾਰਤੀ ਅਨਸਰ ਉਨ੍ਹਾਂ ਦੀ ਜਾਇਦਾਦ 'ਉਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਸ ਦੀ ਪੜਤਾਲ ਐਨ ਆਰ ਆਈ ਵਿੰਗ ਪੰਜਾਬ ਨੇ ਐਸ ਐਚ ਓ ਥਾਣਾ ਐਨ ਆਰ ਆਈ ਕਪੂਰਥਲਾ ਨੂੰ ਸੌਂਪੀ ਤਾਂ ਜਾਂਚ ਤੋਂ ਬਾਅਦ ਐਸ ਐਚ ਓ ਥਾਣਾ ਐਨ ਆਰ ਆਈ ਬਲਵਿੰਦਰ ਸਿੰਘ ਭੁੱਲਰ ਨੇ ਦੋ ਮੁਲਜ਼ਮਾਂ ਗੁਰਜੀਤ ਬਾਵਾ ਅਤੇ ਨਰਿੰਦਰ ਕਾਲੀਆ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਮਾਮਲਾ ਦਰਜ ਕੀਤਾ ਹੈ।

## ਕੀ ਰਾਮ ਮੰਦਰ ਹਿੰਦੂ ਸਮਾਜ ਲਈ ਪਹਿਲ ਦਾ ਮੁੱਦਾ ਹੈ?

-ਪੂਨਮ ਆਈ ਕੌਸ਼ਿਸ਼

ਅੱਜ ਭਾਰਤ ਵਿੱਚ ਸਿਆਸੀ ਪਾਰਟੀਆਂ ਵੋਟਰਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਇਸ ਖੇਡ ਦਾ ਉਦੇਸ਼ ਜੇਤੂ ਨੂੰ ਸਭ ਕੁਝ ਪ੍ਰਾਪਤ ਕਰਨ ਦਾ ਮੌਕਾ ਦੇਣਾ ਹੁੰਦਾ ਹੈ। ਚੋਣਾਂ ਆਉਂਦੇ ਸਾਰ ਸੰਘ ਪਰਵਾਰ ਸਿਆਸੀ ਫਸਲ ਕੱਟਣ ਲਈ ਅਤੇ ਚੋਣ ਲਾਭ ਲੈਣ ਲਈ ਅਯੁੱਧਿਆ ਅੰਦੋਲਨ ਨੂੰ ਹਵਾ ਦੇਂਦਾ ਹੈ, ਪਰ ਇਸ ਵਾਰ ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਨੂੰ ਟਾਲ ਕੇ ਉਸ ਨੂੰ ਇੱਕ ਵੱਡਾ ਝਟਕਾ ਦਿੱਤਾ ਤੇ ਇਸ ਦੀ ਵਜ੍ਹਾ ਇਹ ਦੱਸੀ ਹੈ ਕਿ ਇਸ ਮਾਮਲੇ ਵਿੱਚ ਸੁਣਵਾਈ ਲਈ ਜੱਜ ਮੌਜੂਦ ਨਹੀਂ ਹਨ। ਇਸ ਨਾਲ ਨਾ ਸਿਰਫ ਸਿਰਫ ਇਸ ਮਾਮਲੇ ਦਾ ਛੇਤੀ ਹੱਲ ਟਲ ਗਿਆ ਹੈ, ਸਗੋਂ ਇਸ ਨੇ ਸਰਕਾਰ ਨੂੰ ਚੋਣਾਂ ਦੇ ਐਲਾਨ ਤੋਂ ਪਹਿਲਾਂ ਆਪਣੀ ਆਖਰੀ ਚਾਲ ਚੱਲਣ ਲਈ ਮਜਬੂਰ ਕੀਤਾ ਹੈ। ਸਰਕਾਰ ਨੇ ਸੁਪਰੀਮ ਕੋਰਟ ਤੋਂ ਇਜਾਜ਼ਤ ਮੰਗੀ ਹੈ ਕਿ ਉਹ ਅਯੁੱਧਿਆ 'ਚ ਵਿਵਾਦ ਪੂਰਨ ਰਾਮ ਜਨਮ ਭੂਮੀ, ਬਾਬਰੀ ਮਸਜਿਦ ਦੇ ਆਸ ਪਾਸ ਵਾਲੀ ਜ਼ਮੀਨ ਉਸ ਦੇ ਮੂਲ ਮਾਲਕ ਭਾਵ ਰਾਮ ਜਨਮ ਭੂਮੀ ਟਰੱਸਟ ਨੂੰ ਸੌਂਪਣ ਦੀ ਇਜਾਜ਼ਤ ਦੇਵੇ। ਇਸ ਦਾ ਸੰਘ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਵੀ ਸਮਰਥਨ ਕੀਤਾ ਹੈ।

ਕੀ ਕੇਂਦਰ 'ਚ ਸੱਤਾ ਬਚਾਉਣ ਲਈ ਸੰਘ ਪਰਵਾਰ ਹਿੰਦੂ ਵੋਟਰਾਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ ਕਰ ਰਿਹਾ ਹੈ? ਏਦਾਂ ਲੱਗਦਾ ਹੈ ਕਿ ਚੋਣਾਂ ਨੇੜੇ ਆ ਗਈਆਂ ਹਨ ਅਤੇ ਸਰਕਾਰ ਕੋਲ ਇਸ ਬਾਰੇ ਵਿੱਚ ਬਹੁਤਾ ਸਮਾਂ ਨਹੀਂ ਰਹਿ ਗਿਆ। ਵੱਖ-ਵੱਖ ਚੋਣ ਸਰਵੇਖਣਾਂ ਤੋਂ ਸਪੱਸ਼ਟ ਹੈ ਕਿ ਭਾਵੇਂ ਮੋਦੀ ਸਾਹਮਣੇ ਕੋਈ ਮੁਕਾਬਲੇਬਾਜ਼ ਨਹੀਂ ਹੈ, ਫਿਰ ਵੀ ਭਾਜਪਾ ਨੂੰ ਓਨੀਆਂ ਸੀਟਾਂ ਨਹੀਂ ਮਿਲ ਸਕਣਗੀਆਂ, ਜਿੰਨੀਆਂ ਬਹੁਮਤ ਲਈ ਜ਼ਰੂਰੀ ਹਨ। ਦੂਜੇ ਪਾਸੇ ਵਿਰੋਧੀ ਪਾਰਟੀਆਂ ਇੱਕ ਮਹਾਂ ਗਠਜੋੜ ਦੇ ਨਾਂਅ 'ਤੇ ਇਕਜੁੱਟ ਹੋਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਸੰਘ ਪਰਵਾਰ ਦੇ ਵਰਕਰਾਂ ਵਿੱਚ ਇਹ ਭਾਵਨਾ ਤੇਜ਼ ਹੁੰਦੀ ਜਾਂਦੀ ਹੈ ਕਿ ਭਾਜਪਾ ਆਪਣੇ ਵਿਚਾਰਕ ਏਜੰਡੇ ਪ੍ਰਤੀ ਸਮਰਪਿਤ ਨਹੀਂ ਹੈ। ਸੰਘ ਪਰਵਾਰ ਨੂੰ ਇਹ ਚਿੰਤਾ ਹੈ ਕਿ ਜੇ ਵਿਵਾਦ ਵਾਲੀ ਜਗ੍ਹਾ 'ਤੇ ਰਾਮ ਮੰਦਰ ਨਾ ਬਣਾਇਆ ਗਿਆ ਤਾਂ ਜ਼ਮੀਨ ਨਾਲ ਜੁੜੇ ਵਰਕਰ ਨਿਰਾਸ਼ ਹੋਣਗੇ ਅਤੇ ਉਨ੍ਹਾਂ ਵਿੱਚ ਗੁੱਸਾ ਪੈਦਾ ਹੋਵੇਗਾ, ਨਾਲ ਪ੍ਰਯਾਗਰਾਜ ਵਿੱਚ ਅਰਧ-ਕੁੰਭ ਦੇ ਮੌਕੇ 'ਤੇ ਸਾਧੂਆਂ ਅਤੇ ਅਖਾੜਿਆਂ ਦੇ ਇਕੱਠੇ ਹੋਣ ਨਾਲ ਉਹ ਅਗਲੇ ਕੁਝ ਹਫਤਿਆਂ 'ਚ ਅਯੁੱਧਿਆ ਮਾਰਚ ਕੱਢ ਕੇ ਆਪਣੀ ਨਾਰਾਜ਼ਗੀ ਪ੍ਰਗਟ ਕਰ ਸਕਦੇ ਹਨ, ਜਿਸ ਨਾਲ ਫਿਰਕੂ ਤਣਾਅ ਅਤੇ ਕਾਨੂੰਨ-ਵਿਵਸਥਾ ਦੀ ਸਮੱਸਿਆ ਖੜ੍ਹੀ ਹੋ ਸਕਦੀ ਹੈ। ਇੱਕ ਸੀਨੀਅਰ ਨੇਤਾ ਦਾ ਕਹਿਣਾ ਹੈ, ‘ਜਦ ਕੇਂਦਰ ਅਤੇ ਯੂ ਪੀ ਵਿੱਚ ਸਾਡੀ ਸਰਕਾਰ ਹੈ ਤੇ ਅਸੀਂ ਫਿਰ ਵੀ ਰਾਮ ਮੰਦਰ ਦੀ ਉਸਾਰੀ ਦਾ ਕੰਮ ਸ਼ੁਰੂ ਨਹੀਂ ਕਰਵਾ ਸਕਦੇ ਤਾਂ ਫਿਰ ਕਦੋਂ ਕਰਾਂਗੇ।’

ਤਿੰਨ ਹਿੰਦੀ-ਭਾਸ਼ੀ ਰਾਜਾਂ ਵਿੱਚ ਭਾਜਪਾ ਦੀ 2018 ਵਿੱਚ ਚੋਣਾਂ 'ਚ ਹੋਈ ਹਾਰ ਤੋਂ ਬਾਅਦ ਸਰਕਾਰ ਅਤੇ ਪਾਰਟੀ ਦੋਵੇਂ ਰਾਮ ਮੰਦਰ ਪ੍ਰਤੀ ਆਪਣੀ ਵਚਨਬੱਧਤਾ ਦਿਖਾਉਣਾ ਚਾਹੁੰਦੇ ਹਨ, ਜਿਸ ਨਾਲ ਨਾ ਸਿਰਫ ਇਸ ਦੇ ਮੂਲ ਸਮਰਥਕ, ਵਰਕਰ ਖੁਸ਼ ਹੋਣ, ਸਗੋਂ ਯੂ ਪੀ ਅਤੇ ਹੋਰ ਰਾਜਾਂ 'ਚ ਜਾਤ-ਪਾਤ ਤੋਂ ਉਪਰ ਉਠ ਕੇ ਹਿੰਦੂ ਵੋਟਰ ਇਸ ਦਾ ਸਮਰਥਨ ਕਰ ਸਕਦੇ ਹਨ। ਚੋਣ ਨਜ਼ਰੀਏ ਤੋਂ ਯੂ ਪੀ ਅਹਿਮ ਸੂਬਾ ਹੈ, ਜਿੱਥੇ ਨਵੇਂ ਸਿਆਸੀ



ਸਮੀਕਰਨ ਬਣ ਰਹੇ ਹਨ, ਜੋ ਭਗਵਾ ਸੰਘ ਪਰਵਾਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇੱਕ ਪਾਸੇ ਬਸਪਾ-ਸਮਾਜਵਾਦੀ ਪਾਰਟੀ ਨੇ ਆਪਸ 'ਚ ਹੱਥ ਮਿਲਾ ਲਿਆ ਹੈ ਤਾਂ ਦੂਜੇ ਪਾਸੇ ਕਾਂਗਰਸ ਵੱਲੋਂ ਪ੍ਰਿਅੰਕਾ ਗਾਂਧੀ ਵਾਢਰਾ ਚੋਣ ਮੈਦਾਨ 'ਚ ਆ ਗਈ ਹੈ। ਇਹ ਦੋਵੇਂ ਹੀ ਭਾਜਪਾ ਦੇ ਉਚੀਆਂ ਜਾਤਾਂ ਅਤੇ ਦਲਿਤ ਭਾਈਚਾਰਿਆਂ ਦੇ ਵੋਟਰਾਂ 'ਚ ਸੰਨ੍ਹ ਲਾ ਸਕਦੇ ਹਨ।

2018 ਦੀ ਉਪ ਚੋਣ ਵਿੱਚ ਬਸਪਾ-ਸਮਾਜਵਾਦੀ ਗਠਜੋੜ ਦੀ ਜਿੱਤ ਦੇ ਨਾਲ ਹੀ ਬਿਹਾਰ ਵਿੱਚ ਲਾਲੂ-ਰਾਹੁਲ ਦੇ ਗਠਜੋੜ ਅਤੇ ਤੇਲੰਗਾਨਾ 'ਚ ਨਾਇਡੂ-ਰਾਹੁਲ ਦੇ ਗਠਜੋੜ ਨੇ ਹੋਰ ਖੇਤਰੀ ਪਾਰਟੀਆਂ ਨੂੰ ਮੋਦੀ ਵਿਰੁੱਧ ਇਕਜੁੱਟ ਹੋਣ ਦਾ ਰਾਹ ਦੱਸਿਆ ਹੈ। ਇਸ ਤੋਂ ਬਿਨਾ ਆਮ ਆਦਮੀ ਦਾ ਭਾਜਪਾ ਤੋਂ ਮੋਹ ਭੰਗ ਹੋ ਰਿਹਾ ਹੈ। ਇਸ ਲਈ ਭਾਜਪਾ ਦੀ ਨਿਰਾਸ਼ਾ ਸਮਝੀ ਜਾ ਸਕਦੀ ਹੈ। ਇਸੇ ਕਰ ਕੇ ਉਹ ਆਉਂਦੀਆਂ ਚੋਣਾਂ ਵਿੱਚ ਵੋਟਰਾਂ ਨੂੰ ਖੁਸ਼ ਕਰਨ ਲਈ ਕਈ ਹੋਰ ਸੁਫਨੇ ਵੇਚਣ ਦੀ ਕੋਸ਼ਿਸ਼ ਕਰੇਗੀ।


ਇੱਕ ਸਾਲ ਪਹਿਲਾਂ ਤੱਕ ਭਾਜਪਾ ਦੀ ਜਿੱਤ ਯਕੀਨੀ ਲੱਗਦੀ ਸੀ, ਪਰ ਅੱਜ ਸਥਿਤੀ ਪਹਿਲਾਂ ਵਰਗੀ ਨਹੀਂ। ਇਸ ਲਈ ਅਯੁੱਧਿਆ 'ਚ ਰਾਮ ਮੰਦਰ ਦੇ ਮੁੱਦੇ ਤੋਂ ਬਿਹਤਰ ਪਾਰਟੀ ਲਈ ਕੀ ਹੋ ਸਕਦਾ ਹੈ? ਉਂਝ ਵੀ ਭਾਜਪਾ ਨੂੰ ਇਸ 'ਚ ਮੁਹਾਰਤ ਹਾਸਲ ਹੈ ਅਤੇ ਇਸ ਨਾਲ ਹਿੰਦੂ ਵੋਟਰ ਇਕੱਠੇ ਹੋਣਗੇ, ਜੋ ਭਾਜਪਾ ਨੂੰ ਕੇਂਦਰੀ ਸੱਤਾ ਤੱਕ ਪਹੁੰਚਾ ਸਕਦੇ ਹਨ।

ਸਰਕਾਰ ਸਿਆਸੀ ਨਜ਼ਰੀਏ ਤੋਂ ਆਪਣੇ ਇਰਾਦੇ ਅਤੇ ਵਚਨਬੱਧਤਾ ਦਾ ਸੰਕੇਤ ਦੇਣਾ ਚਾਹੁੰਦੀ ਹੈ ਕਿ ਉਹ ਕਾਨੂੰਨੀ ਤੇ ਸੰਵਿਧਾਨਕ ਮਰਿਆਦਾਵਾਂ ਨੂੰ ਤੋੜੇ ਬਿਨਾਂ ਵੀ ਆਪਣੇ ਏਜੰਡੇ 'ਤੇ ਅੱਗੇ ਵਧ ਸਕਦੀ ਹੈ, ਇਸੇ ਲਈ ਉਸ ਨੇ ਅਯੁੱਧਿਆ 'ਚ ਵਾਧੂ ਜ਼ਮੀਨ ਵਾਪਸ ਮੰਗਣ ਦਾ ਦਾਅ ਖੇਡਿਆ ਹੈ। ਜੇ ਅਦਾਲਤ ਭਾਜਪਾ ਦੀ ਇਸ ਅਪੀਲ ਨੂੰ ਰੱਦ ਕਰ ਦਿੰਦੀ ਹੈ ਤਾਂ ਉਹ ਨਿਆਂ ਪਾਲਿਕਾ ਨੂੰ ਖਲਨਾਇਕ ਵਜੋਂ ਪੇਸ਼ ਕਰੇਗੀ, ਪਰ ਜੇ ਅਦਾਲਤ ਭਾਜਪਾ ਦੀ ਗੱਲ ਮੰਨ ਲੈਂਦੀ ਹੈ ਤਾਂ ਇਸ ਨਾਲ ਰਾਮ ਮੰਦਰ ਦੀ ਉਸਾਰੀ ਸ਼ੁਰੂ ਕਰਨ ਲਈ ਸੰਘ ਪਰਵਾਰ ਨੂੰ ਆਸ ਦੀ ਕਿਰਨ ਨਜ਼ਰ ਆਉਣ ਲੱਗੇਗੀ। ਦੇਖਣਾ ਇਹ ਹੈ ਕਿ ਕੀ ਇਸ ਨਾਲ ਭਾਜਪਾ ਨੂੰ ਚੋਣ ਲਾਭ ਮਿਲੇਗਾ ਜਾਂ ਨਹੀਂ?

ਸੰਘ ਤੇ ਭਾਜਪਾ ਲਈ ਵਿਵਾਦ ਵਾਲੀ ਜਗ੍ਹਾ ਰਾਮ ਮੰਦਰ ਦੀ ਉਸਾਰੀ ਦਾ ਮੁੱਦਾ ਹਮੇਸ਼ਾ ਉਨ੍ਹਾਂ ਦੀ ਧਰਮ ਆਧਾਰਤ ਸਿਆਸਤ ਦਾ ਕੇਂਦਰ ਰਿਹਾ ਹੈ। ਹਿੰਦੂਵਾਦੀ ਤਾਕਤਾਂ ਮੰਨਦੀਆਂ ਹਨ ਕਿ ਆਸਥਾ ਦੇ ਸਵਾਲਾਂ ਨੂੰ ਕਾਨੂੰਨ ਦੇ ਅਧੀਨ ਨਹੀਂ ਕੀਤਾ ਜਾ ਸਕਦਾ, ਇਸ ਲਈ ਸੰਘ ਪਰਵਾਰ ਇਸ ਵਿਚਾਰ ਨਾਲ ਖੁਸ਼ ਨਹੀਂ ਕਿ ਨਿਆਂ ਪਾਲਿਕਾ ਧਰਮ ਦੇ ਮਾਮਲਿਆਂ 'ਚ ਦਖਲ ਦੇ ਸਕਦੀ ਹੈ। ਇਹੋ ਨਹੀਂ, ਜੇ ਸੁਪਰੀਮ ਕੋਰਟ ਇਲਾਹਾਬਾਦ ਹਾਈ ਕੋਰਟ ਵੱਲੋਂ 2010 ਵਿੱਚ ਦਿੱਤੇ ਫੈਸਲੇ ਨੂੰ ਰੱਦ ਕਰਦੀ ਹੈ (ਜਿਸ ਦੇ ਤਹਿਤ ਵਿਵਾਦ ਵਾਲੀ ਜ਼ਮੀਨ ਸੁੰਨੀ ਵਕਫ ਬੋਰਡ, ਨਿਰਮੋਹੀ ਅਖਾੜੇ ਅਤੇ ਰਾਮਲੱਲਾ ਵਿਚਾਲੇ ਬਰਾਬਰ ਵੰਡੀ ਗਈ ਸੀ) ਅਤੇ ਜੇ ਸੁਪਰੀਮ ਕੋਰਟ ਇਸ ਵਿਵਾਦ ਨੂੰ ਇੱਕ ਨਵਾਂ ਰੂਪ ਦਿੰਦੀ ਹੈ, ਜਿਸ ਨਾਲ ਰਾਮ ਮੰਦਰ ਦੀ ਉਸਾਰੀ ਖਤਰੇ 'ਚ ਪੈ ਜਾਂਦੀ ਹੈ ਤਾਂ ਫਿਰ ਕੀ ਹੋਵੇਗਾ? ਅਯੁੱਧਿਆ 'ਚ 67.03 ਏਕੜ ਜ਼ਮੀਨ ਕੇਂਦਰ ਸਰਕਾਰ ਨੇ 1993 'ਚ ਕੁਝ ਖੇਤਰਾਂ ਦੇ ਅਕਵਾਇਰ ਐਕਟ 1993 ਦੇ ਤਹਿਤ ਅਕਵਾਇਰ ਕੀਤੀ ਸੀ ਅਤੇ ਕੇਂਦਰ ਨੇ ਇਹ ਕਦਮ ਛੇ ਦਸੰਬਰ 1992 ਨੂੰ ਬਾਬਰੀ ਮਸਜਿਦ ਡੇਗੇ ਜਾਣ ਪਿੱਛੋਂ ਫਿਰਕੂ ਸੁਹਿਰਦਤਾ ਬਣਾਉਣ ਲਈ ਚੁੱਕਿਆ ਸੀ। ਅਗਲੇ ਸਾਲ ਇਸ ਨੂੰ ਚੁਣੌਤੀ ਮਿਲੀ ਸੀ, ਪਰ ਸੁਪਰੀਮ ਕੋਰਟ ਨੇ ਇਸ ਕਾਨੂੰਨ ਨੂੰ ਜਾਇਜ਼ ਠਹਿਰਾਇਆ ਅਤੇ ਹੁਕਮ ਦਿੱਤਾ ਸੀ ਕਿ ਇਸ ਵਿਵਾਦ ਦੇ ਨਿਪਟਾਰੇ ਤੱਕ ਅਕਵਾਇਰ ਕੀਤੀ ਜ਼ਮੀਨ ਕੇਂਦਰ ਸਰਕਾਰ ਕੋਲ ਰਹੇਗੀ। ਸੁਪਰੀਮ ਕੋਰਟ ਨੇ 2003 ਵਿੱਚ ਮੁਹੰਮਦ ਅਸਲਮ ਕੇਸ ਵਿੱਚ ਵੀ ਇਸ ਦੀ ਪੁਸ਼ਟੀ ਕੀਤੀ, ਜਦੋਂ ਵਾਜਪਾਈ ਸਰਕਾਰ ਚਾਹੁੰਦੀ ਸੀ ਕਿ ਵਾਧੂ ਜ਼ਮੀਨ ਰਾਮ ਜਨਮ ਭੂਮੀ ਟਰੱਸਟ ਨੂੰ ਸੌਂਪੀ ਜਾਵੇ।

ਭਾਜਪਾ ਦੀ ਚਿੰਤਾ ਨੂੰ ਸਮਝਿਆ ਜਾ ਸਕਦਾ ਹੈ। ਅਯੁੱਧਿਆ ਭਾਜਪਾ ਲਈ ਸੱਤਾ ਬਚਾਉਣ ਲਈ ‘ਕਰੋ ਜਾਂ ਮਰੋ’ ਦਾ ਪ੍ਰਤੀਕ ਹੈ, ਕਿਉਂਕਿ ਯੂ ਪੀ ਤੋਂ ਲੋਕ ਸਭਾ ਦੇ 80 ਮੈਂਬਰ ਚੁਣੇ ਜਾਂਦੇ ਹਨ ਅਤੇ ਉਸ ਨੂੰ ਆਸ ਹੈ ਕਿ ਭਗਵਾਨ ਰਾਮ ਉਸ 'ਤੇ ਕਿਰਪਾ ਕਰਨਗੇ। ਚੋਣਾਂ 'ਚ ਹਾਰ ਨਾਲ ਉਸ ਦੇ ਭਾਰਤ ਉੱਤੇ ਰਾਜ ਕਰਨ ਅਤੇ ‘ਕਾਂਗਰਸ-ਮੁਕਤ ਭਾਰਤ’ ਬਣਾਉਣ ਦੇ ਸੁਫਨੇ ਪਸਤ ਹੋ ਜਾਣਗੇ ਅਤੇ ਉਸ ਦੀ ਸਿਆਸੀ ਹੋਂਦ 'ਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ। ਕੇਂਦਰ 'ਚ ਇਕੱਲੀ ਸਭ ਤੋਂ ਵੱਡੀ ਪਾਰਟੀ ਬਣਨ ਪਿੱਛੇ ਭਾਜਪਾ ਵੱਲੋਂ ਹਿੰਦੂਵਾਦ ਦਾ ਕਾਰਡ ਖੇਡਣਾ ਤੇ ਬਹੁਗਿਣਤੀ ਹਿੰਦੂ ਵੋਟ ਬੈਂਕ ਵੱਲੋਂ ਉਸ ਨੂੰ ਸਮਰਥਨ ਦੇਣਾ ਹੈ। ਅੱਗੇ ਕੀ ਹੋਵੇਗਾ? ਸਰਕਾਰ ਦੀ ਹਰਮਨ ਪਿਆਰਤਾ ਘਟ ਰਹੀ ਹੈ, ਇਸ ਲਈ ਭਾਜਪਾ ਅਤੇ ਸੰਘ ਪਰਵਾਰ ਆਪਣੇ ਪੁਰਾਣੇ ਫਾਰਮੂਲੇ 'ਤੇ ਪਰਤਣਾ ਚਾਹੁੰਦੇ ਅਤੇ ਇਸੇ ਲਈ ਅਯੁੱਧਿਆ ਨੂੰ ਮੁੱਖ ਮੁੱਦਾ ਬਣਾਉਣਾ ਚਾਹੁੰਦੇ ਹਨ ਤਾਂ ਕਿ ਉਹ ਆਪਣੇ ਵਰਕਰਾਂ ਅਤੇ ਰਵਾਇਤੀ ਵੋਟਰਾਂ 'ਚ ਆਪਣੀ ਭਰੋਸੇਯੋਗਤਾ ਬਹਾਲ ਕਰ ਸਕਣ। ਇਸੇ ਲਈ ਸੰਘ ਨੇ ਬੜੀ ਚਲਾਕੀ ਨਾਲ ਰਾਮ ਮੰਦਰ ਨੂੰ ਮੁੱਖ ਮੁੱਦਾ ਬਣਾਇਆ, ਜਿਸ 'ਤੇ ਭਾਵਨਾਵਾਂ ਦਾ ਧਰੁਵੀਕਰਨ ਕੀਤਾ ਜਾ ਸਕਦਾ ਹੈ ਤੇ ਇਸ ਤਰ੍ਹਾਂ ਉਹ ਆਪਣੇ ਵਰਕਰਾਂ ਤੇ ਧਾਰਮਿਕ ਜਨ-ਆਧਾਰ ਨੂੰ ਵੀ ਖੁਸ਼ ਕਰ ਸਕਦਾ ਹੈ। ਉਹ ਯੂ ਪੀ 'ਚ ਜਾਤ ਪਾਤ ਤੋਂ ਉਪਰ ਉਠ ਕੇ ਹਿੰਦੂ ਵੋਟਰਾਂ ਨੂੰ ਪਾਰਟੀ ਦੇ ਪੱਖ ਵਿੱਚ ਕਰ ਸਕਦਾ ਹੈ ਤੇ ਇਸ ਸਿਲਸਿਲੇ 'ਚ ਪਾਰਟੀ ਕਿਸੇ ਕਾਨੂੰਨੀ ਤੇ ਸੰਵਿਧਾਨਿਕ ਮਰਿਆਦਾ ਦੀ ਵੀ ਉਲੰਘਣਾ ਨਹੀਂ ਕਰੇਗੀ।

ਕੀ ਮੋਦੀ ਸਰਕਾਰ ਆਪਣੀਆਂ ਕੁਝ ਸਹਿਯੋਗੀ ਪਾਰਟੀਆਂ ਦੇ ਸੰਭਾਵੀ ਵਿਰੋਧ ਦੇ ਬਾਵਜੂਦ ਅਯੁੱਧਿਆ ਮੁੱਦੇ ਬਾਰੇ ‘ਜੂਆ' ਖੇਡਣ ਲਈ ਤਿਆਰ ਹੈ? ਜੇ ਇਹ ਮੁੱਦਾ ਅਸਫਲ ਹੋ ਗਿਆ ਤਾਂ ਫਿਰ ਕੀ ਹੋਵੇਗਾ? ਭਾਜਪਾ ਦੁਚਿੱਤੀ ਵਿੱਚ ਫਸੀ ਹੋਈ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਆਸਥਾ ਅਤੇ ਭਰੋਸਾ ਆਪਣਾ ਬਦਲਾ ਲੈਂਦੇ ਹਨ। ਜਿਸ ਭਗਵਾਨ 'ਤੇ ਪਾਰਟੀ ਨੇਤਾ ਭਰੋਸਾ ਕਰਦੇ ਹਨ, ਉਹ ਆਪਣੀ ਮਰਜ਼ੀ ਮੁਤਾਬਕ ਚੱਲਦਾ ਹੈ। ਫਿਲਹਾਲ ਉਹ ਸੰਘ ਪਰਵਾਰ ਨੂੰ ਉਸ ਦੀਆਂ ਖੁਦ ਦੀਆਂ ਉਲਝਣਾਂ ਦਾ ਸੁਆਦ ਚਖਾ ਰਿਹਾ ਹੈ। ਦੇਖਣਾ ਇਹ ਹੈ ਕਿ ਕੀ ਵੋਟਰ ਮੰਨਦੇ ਹਨ ਕਿ ਹਿੰਦੂ ਸਮਾਜ ਲਈ ਰਾਮ ਮੰਦਰ ਕਿਸੇ ਪਹਿਲ ਦਾ ਮੁੱਦਾ ਹੈ।









# ਹੈਮਿਓਪੈਥਿਕ ਦਾ ਸਿਧਾਂਤ: ਰੋਗ ਨਾਲੋ ਰੋਗੀ ਦੀ ਜ਼ਿਆਦਾ ਦੇਖਭਾਲ

## ਲਾ-ਇਲਾਜ ਰੋਗਾਂ ਦਾ ਇਲਾਜ ਸਿਰਫ ਹੈਮਿਓਪੈਥਿਕ ਕੋਲ

### ਜਰਮਨ ਦੀ ਥਿਊਰੀ ਹੈਮਿਓਪੈਥਿਕ ਦੁਨੀਆਂ ਵਿਚ ਹੋਈ ਮਸ਼ਹੂਰ

### ਮਹਿੰਗੇ ਇਲਾਜਾਂ ਨੂੰ ਸਸਤੇ 'ਚ ਠੀਕ ਕਰਦੀ ਹੈ ਹੈਮਿਓਪੈਥਿਕ

ਹੈਮਿਓਪੈਥਿਕ ਇਕ ਕੁਦਰਤੀ ਇਲਾਜ ਪ੍ਰਣਾਲੀ ਹੈ, ਇਸ ਦਾ ਕੋਈ ਸਾਈਡਇਫੈਕਟ ਨਹੀ ਹੈ॥ ਇਹ ਬਿਮਾਰੀ ਨੂੰ ਜੜ੍ਹ ਤੋ ਖਤਮ ਕਰਨ ਦੀ ਤਾਕਤ ਰੱਖਦੀ ਹੈ॥ ਦੁਨੀਆਂ ਵਿਚ ਜਿੱਥੋ ਤੱਕ ਡਾਕਟਰੀ ਸਾਇੰਸ ਦਾ ਸਬੰਧ ਹੈ, ਕੋਈ ਵੀ ਹੋਰ ਇਲਾਜ ਜਾਂ ਹੋਰ ਢੰਗ ਤਰੀਕਾ ਡੇਢ ਸਦੀ ਪਹਿਲਾ ਹੋਂਦ ਵਿਚ ਆਈ ਹੈਮਿਓਪੈਥਿਕ ਵਿਚ ਹੁਣ ਸਾਇੰਸ ਦਾਨੀਆਂ ਨੇ ਨੇ ਹੋਰ ਜਿਆਦਾ ਵਾਧਾ ਕਰ ਦਿੱਤਾ ਹੈ, ਅੱਜਕੱਲ੍ਹ ਹੈਮਿਓਪੈਥਿਕ ਜਰਮਨ ਤੋ ਸ਼ੁਰੂ ਹੋ ਕੇ ਦੁਨੀਆ ਦੇ ਹਰ ਕੋਨੇ ਕੋਨੇ ਵਿਚ ਮਸ਼ਹੂਰ ਹੋ ਗਈ ਹੈ, ਹੈਮਿਓਪੈਥਿਕ ਡਾਕਟਰਾਂ ਕੋਲ ਆਉਣ ਵਾਲਾ ਹਰ ਮਰੀਜ ਆ ਕੇ ਇਹੋ ਗੱਲ ਕਹਿੰਦਾ ਹੈ ਕਿ ਮੈਂ ਵੱਡੇ ਵੱਡੇ ਹਸਪਤਾਲਾ ਵਿਚ ਮਹਿੰਗੇ ਮਹਿੰਗੇ ਟੈਸਟ ਕਰਵਾ ਕੇ ਹਸਪਤਾਲਾ ਦੀਆਂ ਮੋਟੀਆ ਫੀਸਾ ਭਰ ਕੇ ਕੋੜੀਆ ਦਵਾਈਆ ਬਹੁਤ ਖਾ ਚੁੱਕਿਆ ਹਾਂ। ਪਰ ਮੈ ਠੀਕ ਨਹੀ ਹੋ ਸਕਿਆ। ਹੁਣ ਮੈਨੂੰ ਤੁਹਾਡੇ ਤੋ ਆਸ ਦੀ ਕਿਰਨ ਨਜ਼ਰ ਆ ਰਹੀ ਹੈ। ਮੈ ਆਪਣੇ ਕਿਸੇ ਜਾਣਕਾਰ ਦੱਸਣ 'ਤੇ ਤੁਹਾਡੇ ਕੋਲ ਆਇਆ ਹਾਂ। ਜਿਸ ਤਰ੍ਹਾ ਤੁਹਾਡੀਆ ਮਿੱਠੀਆ ਗੋਲੀਆ ਨੇ ਮੇਰੇ ਜਾਣਕਾਰ ਨੂੰ ਠੀਕ ਕੀਤਾ ਹੈ, ਇਸੇ ਤਰ੍ਹਾ ਮੈਨੂੰ ਵੀ ਮਿੱਠੀਆ ਗੋਲੀਆ ਵਾਲੀ ਦਵਾਈ ਦੇ ਕੇ ਠੀਕ ਕਰੋ। ਦਵਾਈ ਖਾਣ ਤੋ ਬਾਅਦ ਉਹੀ ਮਰੀਜ਼ ਆਪਣੇ ਠੀਕ ਹੋਣ ਦੀ ਖੁਸ਼ੀ ਵਿਚ ਖੀਵਾ ਹੋਇਆ ਹੋਮਿਓਪੈਥੀ ਦੇ ਗੁਣ ਗਾਉਂਦਾ ਹੋਇਆ ਹੋਰ ਸੈਕੜੇ ਲੋਕਾਂ ਨੂੰ ਉਸ ਡਾਕਟਰ ਬਾਰੇ ਦੱਸਦਾ ਹਾਂ। ਜਦੋ ਹੈਮੀਓਪੈਥੀ ਵਾਲਾ ਡਾਕਟਰ ਮਰੀਜ਼ ਦੇ ਠੀਕ ਹੋਣ ਦੀ ਖੁਸ਼ੀ ਵਿਚ ਗਦਗਦ ਹੋ ਉੱਠਦਾ ਹੈ। ਅਤੇ ਹੋਰ ਮਿਹਨਤ ਤੇ ਲਗਨ ਨਾਲ ਮਰੀਜ਼ਾਂ ਨੂੰ ਦਵਾਈ ਦੇਕੇ ਠੀਕ ਕਰਦਾ ਹੈ।

ਬਹੁਤੇ ਲੋਕਾਂ ਨੂੰ ਹਾਲੇ ਵੀ ਨਹੀ ਪਤਾ ਕਿ ਹੈਮਿਓਪੈਥਿਕ ਕੀ ਹੈ। ਜਾਂ ਫਿਰ ਹੈਮਿਓਪੈਥਿਕ ਇਲਾਜ ਦਾ ਢੰਗ ਕੀ ਹੈ। ਇਹ ਕਿੱਥੋ ਮਿਲਦੀ ਹੈ। ਹੈਮਿਓਪੈਥਿਕ ਇਲਾਜ ਦਾ ਉਹ ਢੰਗ ਹੈ ਜੋ ਸਿਮਲੀਆਂ ਸਿਮਲੀਵੱਸ ਕਿਉਰੈਟਰ ਦੇ ਆਦਾਰ ਤੇ ਹੈ। ਜਿਸ ਤਰ੍ਹਾ ਜਹਿਰ ਜਹਿਰ ਨੂੰ ਮਾਰਦੀ ਹੈ, ਲੋਹਾ ਲੋਹਾ ਨੂੰ ਮਾਰਦਾ ਹੈ ਉਸੇ ਤਰ੍ਹਾਂ ਇਹ ਦਵਾਈ ਤੰਦਰੁਸਤ ਇਨਸਾਨ ਉੱਪਰ ਜੋ ਆਪਣਾ ਅਸਰ ਛੱਡਦੀ ਹੈ, ਉਹ ਬਿਮਾਰੀ ਦੀ ਹਾਲਤ ਵਿਚ ਇੰਨ੍ਹਾ ਅਲਾਮਾਤਾਂ ਨੂੰ ਠੀਕ ਵੀ ਕਰਦੀ ਹੈ। ਹੈਮਿਓਪੈਥਿਕ ਵਰਗੀ ਹੋਰ ਕੋਈ ਅਸਰਦਾਰ ਦਵਾਈ ਹੋਰ ਪੈਥੀਆਂ ਵਿਚ ਦੁਨੀਆਂ ਭਰ ਵਿਚ ਹੋ ਹੀ ਨਹੀ ਸਕਦੀ। ਹੋਮਿਓਪੈਥੀ ਵਿਚ ਡਾਕਟਰ ਰੋਗੀ ਨੂੰ ਅਲੱਗ ਅਲੱਗ ਹਿੱਸਿਆ ਵਿਚ ਨਹੀ ਦੇਖਦਾ, ਸਗੋ ਰੋਗੀ ਦੀਆਂ ਸਾਰੀਆ ਅਲਮਾਤਾ ਨੂੰ ਧਿਆਂਨ ਵਿਚ ਰੱਖਿਆਂ ਜਾਂਦਾ ਹੈ।



ਹੈਮਿਓਪੈਥਿਕ ਦਾ ਸਿਧਾਂਤ ਹੈ ਕਿ ਰੋਗ ਨਾਲੋ ਰੋਗੀ ਦੀ ਜ਼ਿਆਦਾ ਦੇਖਭਾਲ ਕੀਤੀ ਜਾਵੇ। ਰੋਗੀ ਵਿਚ ਜੋ ਮਾਨਸਿਕ, ਸਰੀਰਕ ਤਬਦੀਲੀਆਂ ਡਾਕਟਰ ਨੂੰ ਨਜ਼ਰ ਆਉਂਦੀਆਂ ਹਨ ਜਾਂ ਅਨੁਭਵ ਕੀਤੀਆਂ ਜਾਦੀਆ ਹਨ, ਉਹੀ ਹੈਮਿਓਪੈਥੀ ਡਾਕਟਰ ਨੂੰ ਦਵਾਈ ਦੀ ਚੋਣ ਕਰਨ ਵਿਚ ਸਹਾਈ ਸਿੱਧ ਹੁੰਦੀਆਂ ਹਨ। ਆਮ ਤੌਰ 'ਤੇ ਲੋਕਾਂ ਵਿਚ ਇਹੋ ਧਾਰਨਾ ਹੈ ਕਿ ਹੈਮਿਓਪੈਥੀ ਡਾਕਟਰ ਰੋਗੀ ਤੋ ਵੱਧ ਸਵਾਲ ਜਵਾਬ ਕਰਦੇ ਹਨ। ਪਰ ਇਹ ਸਵਾਲ ਜਵਾਬ ਬਹੁਤ ਜਰੂਰੀ ਹੁੰਦੇ ਹਨ। ਕਿਉਕਿ ਇਸ ਨਾਲ ਹੀ ਰੋਗੀ ਦੀਆਂ ਸਾਰੀਆ ਅਲਮ-ਤਾ ਨੂੰ ਦੇਖਦੇ ਹੋਏ ਡਾਕਟਰ ਦਵਾਈ ਨੂੰ ਬਹੁਤ ਬਹੁਤ ਸੁੱਕਸਮ ਰੂਪ ਵਿਚ ਦਿੰਦਾ ਹੈ। ਕਿਉਕਿ ਬਿਮਾਰੀਆ ਜੋ ਬਾਹਰੋ ਸਾਨੂੰ ਦਿਖਾਈ ਦਿੰਦੀ ਹੈ ਉਹ ਉਸਦਾ ਅਸਲੀ ਰੂਪ ਨਹੀ ਹੁੰਦਾ। ਸਗੋ ਅਸਲੀ ਰੋਗ ਤਾਂ ਰੋਗੀ ਦੇ ਮਨ ਤੋ ਪੈਦਾ ਹੋ ਕੇ ਬਾਅਦ ਵਿਚ ਸਰੀਰ ਵਿਚ ਜਾਂਦਾ ਹੈ। ਮਨ ਤੋ ਪੈਦਾ ਹੋਣ ਵਾਲੀਆ ਬਿਮਾਰੀਆ ਸੁਕਸਮ ਹੁੰਦੀਆਂ ਹਨ। ਕਿਉਕਿ ਮਨ ਸੁਕਸਮ ਹੁੰਦਾ ਹੈ, ਜਦੋ ਤੱਕ ਦਵਾਈ ਸੁਕਸਮ ਨਾ ਹੋਵੇ ਉਹ ਰੋਗ ਦੀ ਜੜ ਤਕ ਨਹੀ ਪਹੁੰਚਦਾ। ਹੈਮਿਓਪੈਥੀ ਰੋਗ ਆਧਾਰਿਤ ਦਵਾਈ ਨਹੀ, ਸਗੋ ਰੋਗੀ ਆਧਾਰਿਤ ਹੈ।

ਭਾਵ ਕਿ ਕਿਸੇ ਨੂੰ ਬੂਖਾਰ ਹੋ ਗਿਆ ਉਸ ਦੀ ਦਵਾਈ ਦੂਸਰਾ ਬੂਖਾਰ ਵਾਲਾ ਰੋਗੀ ਨਹੀ ਖਾ ਸਕਦਾ ਦੂਸਰੇ ਰੋਗੀ ਦੀ ਦਵਾਈ ਅਲੱਗ ਹੁੰਦੀ ਹੈ। ਉਸਦੀਆ ਅਲਮਾਤਾ ਨੂੰ ਧਿਆਨ ਵਿਚ ਰੱਖਦੇ ਹੋ ਤਿਆਰ ਕੀਤੀ ਜਾਂਦੀ ਹੈ। ਡਾਕਟਰ ਜਿੰਨ੍ਹਾਂ ਵੀ ਦਵਾਈ ਨੂੰ ਸੁਕਸਮ ਰੂਪ ਵਿਚ ਦਿੰਦੇ ਹਨ। ਉਨੀ ਹੀ ਉਸ ਦਵਾਈ ਦੀ ਤਾਕਤ ਵੱਧ ਹੁੰਦੀ ਹੈ। ਦੁਨੀਆਂ ਪੱਧਰ 'ਤੇ ਘੱਟ ਗਿਆਨ ਰੱਖਣ ਵਾਲੇ ਲੋਕ ਇਸ ਦਵਾਈ ਨੂੰ ਮਿੱਠੀਆ ਗੋਲੀਆਂ ਹੀ ਸਮਝਦੇ ਹੋਏ ਮਜ਼ਾਕ ਉਡਾਉਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਇੰਨ੍ਹਾਂ ਦਵਾਈਆਂ ਨਾਲ ਇਹ ਕਿਵੇ ਹੋ ਸਕਦਾ ਹੈ ਕਿ ਰੋਗੀ ਨੂੰ ਮਿੱਠੀਆ ਗੋਲੀਆਂ ਠੀਕ ਕਰ ਸਕਣ। ਪਰ ਅੱਜ ਸਾਇੰਸ ਨੇ ਇਹ ਗੱਲ ਭਲੀਭਾਂਤ ਮੰਨ ਲਈ ਹੈ ਕਿ ਜਦੋ ਕਿਸੇ ਵੀ ਦਵਾਈ ਨੂੰ ਵੱਡੇ ਘੋਲ ਵਿਚ ਮਿਲਾਕੇ ਝੱਟਕੇ ਦੇ ਦੇ ਕੇ ਬਣਾਇਆ ਜਾਂਦਾ ਹੈ। ਤਾਂ ਉਸ ਵਿਚ ਬਿਜਲੀ ਵਰਗੀ ਤਾਕਤ ਪੈਦਾ ਹੋ ਜਾਂਦੀ ਹੈ। ਜਿਸ ਕਰਕੇ ਹੈਮਿਓਪੈਥੀ ਦੀਆਂ ਸੁਕਸਮ ਦਵਾਈਆਂ ਵਿਚ ਬਹੁਤ ਵੱਡੀ ਤਾਕਤ ਹੁੰਦੀ ਹੈ॥ ਇਹ ਦਵਾਈਆਂ ਵੱਡੇ ਤੋ ਵੱਡੇ ਰੋਗਾਂ ਨੂੰ ਠੀਕ ਕਰਨ ਲਈ ਵੱਡੀ ਤਾਕਤ ਰੱਖਦੀਆਂ ਹਨ। ਪਰ ਅਫਸੋਸ ਹੈਮਿਓਪੈਥੀ ਦੇ ਜਨਮ ਦਾਤਾ ਡਾ. ਸੈਮਿਊਲ ਹੈਨੇਮਨ ਦੀ ਇਸ ਖੋਜ ਨੂੰ ਮੰਨਣ ਲਈ ਡੇਢ ਸੋ ਸਾਲਾਂ ਤੋ ਉੱਪਰ ਦਾ ਸਮਾਂ ਸਾਡਾ ਲੋਕਾਂ ਨੇ ਲਗਾ ਦਿੱਤਾ ਹੈ। ਹੁਣ ਹੈਮਿਓਪੈਥੀ ਦੁਨੀਆਂ ਪੱਧਰ 'ਤੇ ਫੈਲ ਚੁੱਕੀ ਹੈ। ਲੋਕਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਲਾ-ਇਲਾਜ ਰੋਗੀਆਂ ਨੂੰ ਸਿਰਫ ਹੈਮਿਓਪੈਥੀ ਦਵਾਈ ਹੀ ਠੀਕ ਕਰ ਸਕਦੀ ਹੈ। ਜਿਸ ਕਾਰਨ ਅੱਜ ਕੱਲ੍ਹ ਆਯੂਰਵੈਦਿਕ ਅਤੇ ਐਲੋਪੈਥੀ ਡਾਕਟਰਾਂ ਦਾ ਝੁਕਾਓ ਵੀ ਹੁਣ ਹੈਮਿਓਪੈਥੀ ਵੱਲ ਵੱਧ ਰਿਹਾ ਹੈ। ਕਿਉਕਿ ਹੈਮਿਓਪੈਥੀ ਦਵਾਈ ਤੁਰੰਤ ਅਸਰ ਕਰਦੀ ਹੋਈ ਰੋਗੀ ਐਲੋਪੈਥੀ 'ਤੇ ਦੇਸੀ ਦਵਾਈ ਨਾਲੋ ਬਹੁਤ ਜਲਦੀ ਠੀਕ ਹੀ ਨਹੀ ਕਰਦੀ ਸਗੋ ਇਸਦਾ ਕੋਈ ਵੀ ਸਾਇਡਇਫੈਕਟ ਨਹੀ ਹੁੰਦਾ ਤੇ ਇਹ ਰੋਗੀ ਨੂੰ ਤੁਰੰਤ ਅਸਰ ਕਰਦੀ ਹੋਈ ਜਲਦੀ ਠੀਕ ਕਰਦੀ ਹੈ। ਜੋ ਰੋਗ ਵੱਡੇ ਵੱਡੇ ਹਸਪਤਾਲਾ ਵਿਚ ਮਹਿੰਗੇ ਭਾਅ ਲੱਖਾਂ ਦੇ ਹਿਸਾਬ ਨਾਲ ਅਪ੍ਰੇਸ਼ਨ ਕਰਨ 'ਤੇ ਠੀਕ ਹੁੰਦੇ ਹਨ ਉਹ ਹੈਮਿਓਪੈਥੀ ਦਵਾਈ ਨਾਲ ਸਸਤੇ ਰੇਟਾਂ ਵਿਚ ਠੀਕ ਹੁੰਦੇ ਹਨ। ਇਹੋ ਕਾਰਨ ਹੈ ਕਿ ਹੈਮਿਓਪੈਥੀ ਦੁਨੀਆਂ ਪੱਧਰ 'ਤੇ ਕਾਰਗਰ ਸਿੱਧ ਹੁੰਦੀ ਹੋਈ ਬੜੀ ਤੇਜੀ ਨਾਲ ਫੈਲ ਰਹੀ ਹੈ।

ਡਾ. ਅਮੀਤਾ BHMS
8264872051

# ਸਰਕਾਰੀ ਬਨਾਮ ਨਿੱਜੀ ਸਕੂਲ: ਕੀ ਸੱਚ, ਕੀ ਕੱਚ



-ਰਮੇਸ਼ਵਰ ਸਿੰਘ

ਪੰਜਾਬ ਵਿੱਚ ਧੜਾਧੜ ਨਿੱਜੀ ਸਕੂਲ ਖੁੱਲ੍ਹ ਰਹੇ ਹਨ। ਪੜ੍ਹਾਈ, ਕਮਾਈ ਦਾ ਵਧੀਆ ਵਸੀਲਾ ਹੈ। ਵਪਾਰੀ ਕਮਾਈ ਨੂੰ ਪਹਿਲ ਦਿੰਦੇ ਹਨ। ਬੇਰੁਜ਼ਗਾਰ ਅਧਿਆਪਕਾਂ ਨੂੰ ਵਰਤ ਕੇ ਮੋਟੀ ਕਮਾਈ ਕਰਨਾ ਅਤੇ ਸਰਕਾਰੀ ਸਕੂਲਾਂ ਦੀ ਕਮਜ਼ੋਰੀ ਵੇਖ ਕੇ ਲਾਭ ਉਠਾਉਣਾ ਇਨ੍ਹਾਂ ਦਾ ਕਾਰੋਬਾਰ ਹੈ। ਪੰਜਾਬੀ ਲੋਕਾਂ ਦਾ ਅੰਗਰੇਜ਼ੀ ਪਿਆਰ ਵੇਖ ਕੇ ਤੇ ਕੁਝ ਅੰਗਰੇਜ਼ੀ ਤਰੀਕੇ ਵਰਤ ਕੇ ਉਨ੍ਹਾਂ ਦੀ ਕਾਮਯਾਬੀ ਪੱਕੀ ਹੈ। ਅਸੀਂ ਪੜ੍ਹਾਈ ਦਾ ਮਨੋਰਥ ਭੁੱਲ ਕੇ ਵਿਖਾਵੇ ਨੂੰ ਪਹਿਲ ਦੇਣ ਦੇ ਆਦੀ ਹਾਂ। ਇਸ ਪਿੱਛੇ ਅਸੀਂ ਠੋਸ ਤੱਤ ਨਹੀਂ ਵੇਖਦੇ। ਲੋਕਾਂ ਦੀ ਸੋਚ ਤੇ ਅਸਲੀਅਤ ਵਿੱਚ ਕੋਹਾਂ ਦਾ ਫਰਕ ਹੈ।

ਮੇਰੇ ਕੁਝ ਨਿੱਜੀ ਤਜਰਬੇ ਇਸ ਤਰ੍ਹਾਂ ਹਨ: 1. ਨਿੱਜੀ ਸਕੂਲਾਂ ਵਾਲੇ ਕਮਜ਼ੋਰ ਬੱਚੇ ਨੂੰ ਦਾਖਲ ਨਹੀਂ ਕਰਦੇ। ਉਹ ਸੁਯੋਗ ਅਧਿਆਪਕਾਂ ਨਾਲ ਲੈਸ ਹੋਣ ਦਾ ਦਾਅਵਾ ਕਰਦੇ ਹਨ, ਪਰ ਜੇ ਉਨ੍ਹਾਂ ਦੇ ਅਧਿਆਪਕ ਯੋਗ ਹਨ ਤਾਂ ਕਮਜ਼ੋਰ ਬੱਚੇ ਨੂੰ ਯੋਗ ਕਿਉਂ ਨਹੀਂ ਬਣਾਉਂਦੇ?, 2. ਮਾਂ ਬਾਪ ਭਾਰੀ ਫੀਸ ਦੇ ਕੇ ਘਰ ਲਈ ਦਿੱਤਾ ਕੰਮ ਟਿਊਸ਼ਨ ਵਾਲੇ ਤੋਂ ਕਰਵਾਉਂਦੇ ਹਨ। ਯੋਗ ਅਧਿਆਪਕਾਂ ਤੋਂ ਪੜ੍ਹੇ ਵਿਦਿਆਰਥੀ ਵਿੱਚ ਤਾਂ ਘਰ ਲਈ ਮਿਲਿਆ ਕੰਮ ਆਪ ਕਰਨ ਦੀ ਯੋਗਤਾ ਚਾਹੀਦੀ ਹੈ?. 3. 9ਵੀਂ ਤੇ 10ਵੀਂ ਦੇ ਵਿਦਿਆਰਥੀ ਨਿੱਜੀ ਸਕੂਲਾਂ ਦੇ ਯੋਗ ਅਧਿਆਪਕਾਂ ਤੋਂ ਪੜ੍ਹੇ ਹੋਣ ਦੇ ਬਾਵਜੂਦ ਅਸਲੀ ਪ੍ਰੀਖਿਆ ਲਈ ਕੋਚਿੰਗ ਕਿਉਂ ਲੈਂਦੇ ਹਨ? 10 ਸਾਲਾਂ ਵਿੱਚ ਲੱਖਾਂ ਦੀ ਫੀਸ ਤਾਰ ਕੇ ਤੇ ਯੋਗ ਅਧਿਆਪਕਾਂ ਤੋਂ ਸਿੱਖਿਆ ਲੈ ਕੇ ਉਹ ਪ੍ਰੀਖਿਆ ਦੇ ਕਾਬਲ ਕਿਉਂ ਨਹੀਂ ਬਣਦੇ? 4. ਕੀ ਕਾਰਨ ਹੈ ਕਿ ਬੱਚਿਆਂ ਨੂੰ ਪ੍ਰਾਜੈਕਟ ਪੂਰਾ ਕਰਨ ਲਈ ਮਾਂ ਬਾਪ ਅਤੇ ਗੂਗਲ ਦੀ ਮਦਦ ਲੈਣੀ ਪੈਂਦੀ ਹੈ? ਦੂਜੇ ਪਾਸੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਆਪਣੇ ਪ੍ਰਾਜੈਕਟ ਅਧਿਆਪਕਾਂ ਦੀ ਸਹਾਇਤਾ ਨਾਲ ਖੁਦ ਪੂਰੇ ਕਰ ਲੈਂਦੇ ਹਨ। 5. ਅਸਲੀਅਤ ਹੈ ਕਿ ਬੱਚੇ ਟਿਊਸ਼ਨਾਂ ਯੋਗ ਵਿਅਕਤੀਆਂ ਤੋਂ ਪੜ੍ਹਦੇ ਹਨ, ਪਰ ਵਧੀਆ ਨਤੀਜੇ ਦਾ ਸਿਹਰਾ ਸਕੂਲ ਸਿਰ ਬੱਝ ਜਾਂਦਾ ਹੈ। ਇਹ ਕੁਝ ਕਾਰਨ ਹਨ, ਜਿਨ੍ਹਾਂ ਕਰਕੇ ਗਰੀਬ ਤੇ ਕਮਜ਼ੋਰ ਬੱਚਿਆਂ ਨੂੰ ਨਿੱਜੀ ਸਕੂਲਾਂ ਵਾਲੇ ਦਾਖਲਾ ਨਹੀਂ ਦਿੰਦੇ।

ਜੇ ਨਿੱਜੀ ਸਕੂਲ ਪੜ੍ਹਾਈ ਨੂੰ ਮੁੱਖ ਮਨੋਰਥ ਸਮਝਦੇ ਹਨ ਤਾਂ ਉਨ੍ਹਾਂ ਨੂੰ ਪੜ੍ਹਾਉਣ ਜਿਨ੍ਹਾਂ ਕੋਲ ਕਾਪੀ ਖਰੀਦਣ ਲਈ ਪੈਸੇ ਨਹੀਂ ਹੁੰਦੇ ਅਤੇ ਜਿਨ੍ਹਾਂ ਨੂੰ ਸਾਲ ਵਿੱਚ ਦੋ ਮਹੀਨੇ ਮਾਂ ਬਾਪ ਨਾਲ ਮਿਲ ਕੇ ਮਜ਼ਦੂਰੀ ਕਰਨੀ ਪੈਂਦੀ ਹੈ। ਦੋ ਦਹਾਕਿਆਂ ਤੋਂ ਸਮੇਂ-ਸਮੇਂ ਦੀਆਂ ਸਰਕਾਰਾਂ ਇਹ ਭੁੱਲ ਗਈਆਂ ਕਿ ਸਕੂਲਾਂ ਦੀ ਰੀੜ੍ਹ ਦੀ ਹੱਡੀ ਅਧਿਆਪਕ ਹੁੰਦੇ ਹਨ, ਪਰ ਉਨ੍ਹਾਂ ਦੀ ਭਰਤੀ ਬੰਦ ਹੈ। ਵੋਟ ਬੈਂਕ ਪੱਕਾ ਕਰਨ ਲਈ ਨੌਵੀਂ ਸ਼੍ਰੇਣੀ ਤੱਕ ਬੱਚਿਆਂ ਨੂੰ ਫੇਲ੍ਹ ਨਾ ਕਰਨ ਦੀ ਨੀਤੀ ਬਣਾਈ ਗਈ ਸੀ। ਫਿਰ ਤਬਦੀਲੀ ਕੀਤੀ ਗਈ ਅਤੇ ਪੰਜਵੀਂ ਤੇ ਅੱਠਵੀਂ ਵਿੱਚ ਵਿਦਿਆਰਥੀਆਂ ਨੂੰ ਰੋਕਣ ਦੀ ਨੀਤੀ ਬਣੀ, ਪਰ ਭਵਿੱਖ ਕੀ ਹੋਵੇਗਾ, ਇਹ ਸੋਚਣਾ ਰਾਜਨੀਤਕ ਪਾਰਟੀਆਂ ਦਾ ਕੰਮ ਨਹੀਂ ਰਿਹਾ। ਇਸੇ ਲੜੀ ਵਿੱਚ ਮੁਫਤ ਕਿਤਾਬਾਂ ਤੇ ਫੀਸ ਮੁਆਫੀ, ਇਹ ਸਭ ਵੋਟਾਂ ਪੱਕੀਆਂ ਕਰਨ ਦਾ ਠੋਸ ਯਤਨ ਹੈ। ਮੁਫਤ ਦੀ ਚੀਜ਼ ਦੇ ਆਪਾਂ ਪੁਜਾਰੀ ਹਾਂ। ਦੂਸਰਾ ਅੰਦਰਖਾਤੇ ਸਰਕਾਰੀ ਸਕੂਲ ਬੰਦ ਕਰਨ ਦਾ ਸਿੱਧਾ ਰਾਹ ਪ੍ਰਾਈਵੇਟ ਸਕੂਲਾਂ ਨੂੰ ਹੱਲਾਸ਼ੇਰੀ ਦੇਣਾ ਹੈ। ਪਹਿਲਾਂ ਜੜ੍ਹਾਂ ਪੁੱਟਣ ਦਾ ਕੰਮ ਅਧਿਆਪਕਾਂ ਦੀ ਭਰਤੀ ਰੋਕ ਕੇ ਕੀਤਾ ਗਿਆ ਹੈ। ਇਸ ਪਾਸੇ ਸੁਧਾਰ ਲਈ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ।

ਸਿੱਖਿਆ ਵਿਭਾਗ ਦੇ ਸਕੱਤਰ ਕ੍ਰਿਸ਼ਨ ਕੁਮਾਰ ਆਏ ਦਿਨ ਕਿਸੇ ਸਕੂਲ ਜਾ ਕੇ ਅਧਿਆਪਕਾਂ ਲਈ ਕੋਈ ਨਾ ਕੋਈ ਨਵਾਂ ਸ਼ੋਸ਼ਾ ਛੱਡਦੇ ਰਹਿੰਦੇ ਹਨ। ਅਧਿਆਪਕ ਵਰਗ, ਜੋ ਗਿਣਤੀ ਪੱਖੋਂ ਅਧਰੰਗ ਦਾ ਸ਼ਿਕਾਰ ਹੈ, ਇਹੋ ਜਿਹੇ ਸ਼ੋਸ਼ਿਆਂ 'ਚ ਉਲਝਿਆ ਰਹਿੰਦਾ ਹੈ। ਦੁਪਹਿਰ ਦੀ ਰੋਟੀ ਗਰੀਬ ਬੱਚਿਆਂ ਨੂੰ ਲੁਭਾਉਣ ਦਾ ਹੀ ਤਰੀਕਾ ਹੈ। ਇਸੇ ਲਈ ਇਸ ਦਾ ਨਾਂ ਵੀ ਵਿਦੇਸ਼ੀ ਰੱਖਿਆ ਹੈ 'ਮਿੱਡ ਡੇਅ ਮੀਲ', ਪਰ ਸਕੂਲ ਵਿੱਦਿਆ ਦਾ ਮੰਦਰ ਹਨ, ਉਸ ਨੂੰ ਲੰਗਰ ਹਾਲ ਬਣਾ ਦਿੱਤਾ ਗਿਆ ਹੈ। ਉਚ ਸਿੱਖਿਆ ਪ੍ਰਾਪਤ ਨੌਕਰੀ ਦੀ ਭੀਖ ਮੰਗਦੇ ਹਨ। ਹਾੜ੍ਹੀ ਸਾਉਣੀ ਠੇਕੇ 'ਤੇ ਥੋੜ੍ਹੇ ਬਹੁਤ ਅਧਿਆਪਕ ਭਰਤੀ ਕਰਦੇ ਹਨ, ਤਨਖਾਹ ਬੁਰਕੀ ਨੁਮਾ ਦਿੱਤੀ ਜਾਂਦੀ ਹੈ ਅਤੇ ਤਾਇਨਾਤੀ ਘਰਾਂ ਤੋਂ ਦੂਰ। ਸ਼ਾਦੀਸ਼ੁਦਾ ਹਨ ਤਾਂ ਪਰਵਾਰ ਨਾਲ ਲਿਜਾ ਕੇ ਰੱਖਣਾ ਸੰਭਵ ਨਹੀਂ। ਰੋਜ਼ ਬੱਸ ਜਾਂ ਰੇਲ ਗੱਡੀ ਦਾ ਸਫਰ ਕਰਕੇ ਘਰ ਆਉਣ ਤਾਂ ਸਾਰੀ ਤਨਖਾਹ ਭਾੜੇ ਵਿੱਚ ਚਲੀ ਜਾਵੇਗੀ। ਉਪਰੋਂ ਬਦਲੀਆਂ ਦੀ ਨੀਤੀ ਸਾਲ ਦਰ ਸਾਲ ਬਦਲਦੀ ਰਹਿੰਦੀ ਹੈ। ਬਦਲੀ ਕਰਨ ਬਦਲੇ ਚੜ੍ਹਾਵਾ ਵੀ ਚੋਖਾ ਮੰਗਿਆ ਜਾਂਦਾ ਹੈ। ਅੱਜ ਕੱਲ੍ਹ ਇਹ ਚਾਰ ਲੱਖ ਤੱਕ ਦੱਸਿਆ ਜਾ ਰਿਹਾ ਹੈ।

ਸਰਕਾਰੀ ਸਕੂਲਾਂ ਦੇ ਅਧਿਆਪਕਾਂ 'ਤੇ ਵਾਧੂ ਕੰਮ, ਜਿਸ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ, ਠੋਸ ਦਿੱਤਾ ਜਾਂਦਾ ਹੈ। ਮਸਲੇ ਅਨੇਕਾਂ ਹਨ। ਸਾਰਿਆਂ ਦਾ ਠੋਸ ਹੱਲ ਇਕੋ ਹੈ; ਸਰਕਾਰ ਨੂੰ ਸਿੱਖਿਆ ਨੀਤੀ ਯੋਗ ਵਿਦਵਾਨਾਂ ਤੋਂ ਬਣਵਾਉਣੀ ਚਾਹੀਦੀ ਹੈ ਅਤੇ ਵੱਧ ਅਧਿਆਪਕ ਭਰਤੀ ਕਰਨੇ ਚਾਹੀਦੇ ਹਨ।

## ਕਹਾਣੀ

# ਮੋਹ ਦੇ ਨਿਸ਼ਾਨ

-ਬਲਜਿੰਦਰ ਸਿੰਘ ਸਮਾਘ

'ਪਰਦੇਸੀਂ ਹੋਇਆਂ ਨੂੰ ਕਿੰਨੇ ਵਰ੍ਹੇ ਬੀਤ ਗਏ ਨੇ। ਪਤਾ ਹੀ ਨ੍ਹੀਂ ਲੱਗਦਾ, ਸਮੇਂ ਦਾ ਚੱਕਾ ਕਿੰਨੀ ਰਫਤਾਰ ਫੜੀ ਬੈਠਾ ਏ। ਹੁਣ ਤਾਂ ਆਵਦੇ ਮੁਲਕ ਦੀਆਂ ਯਾਦਾਂ ਵੀ ਧੁੰਦਲੀਆਂ ਪੈਣੀਆਂ ਸ਼ੁਰੂ ਹੋ ਗਈਆਂ ਨੇ। ਹੁਣ ਤਾਂ ਇਹ ਮੁਲਕ ਵੀ ਆਪਣਾ-ਆਪਣਾ ਜਿਹਾ ਲੱਗਣ ਲੱਗ ਪਿਆ ਏ। ਇਹਦੀ ਮਿੱਟੀ ਦੀ ਖੁਸ਼ਬੂ ਰੂਹ ਨੂੰ ਨਸ਼ਿਆ ਜਾਂਦੀ ਏ।' ਰਾਜਵਿੰਦਰ ਜਦੋਂ ਵੀ ਸੋਚਾਂ ਦੀ ਇਸ ਘੁੰਮਣਘੇਰੀ ਵਿੱਚ ਫਸਿਆ ਨਜ਼ਰ ਆਉਂਦਾ ਤਾਂ ਸਭ ਤੋਂ ਪਹਿਲਾਂ ਅੰਮ੍ਰਿਤਾ ਦੇ ਬੋਲ ਹੀ ਉਸ ਨੂੰ ਹਲੂਣਾ ਮਾਰਦੇ, 'ਡਾਕਟਰ ਸਾਬ੍ਹ, ਯਾਦਾਂ ਦੀ ਬਾਲਕੋਨੀ ਵਿੱਚ ਬੈਠ ਕੇ ਝੂਰਨਾ ਛੱਡ ਦਿਓ। ਇਨ੍ਹਾਂ ਹਵਾਵਾਂ ਨਾਲ ਦਿਲ ਲਗਾਉਣ ਦੀ ਕੋਸ਼ਿਸ਼ ਕਰੋ। ਅਸੀਂ ਹੁਣ ਇਥੇ ਹੀ ਰਹਿਣੈ। ਸਾਡੇ ਬੱਚਿਆਂ ਨੇ ਵੀ ਇਥੇ ਹੀ ਪੰਘੂੜੇ ਝੂਟਣੇ ਨੇ। ਪਿਆਰ ਦਿਓ ਇਸ ਧਰਤੀ ਨੂੰ, ਵੇਖਿਓ ਕਿਵੇਂ ਦੁੱਗਣਾ ਪਿਆਰ ਮੋੜਦੀ ਐ।'

ਅੰਮ੍ਰਿਤਾ ਦੀਆਂ ਅੱਖਾਂ ਵਿੱਚ ਸੁਰਮਈ ਭਵਿੱਖ ਦੀ ਆਸ ਰਾਜਵਿੰਦਰ ਨੂੰ ਉਠਣ ਦਾ ਹਲੋਰਾ ਦਿੰਦੀ। ਉਹ ਯਾਦਾਂ ਦੀ ਡੂੰਘੀ ਖੱਡ ਵਿੱਚੋਂ ਨਿਕਲਦਾ ਤੇ ਵਰਤਮਾਨ ਦੀ ਪਹੀ 'ਤੇ ਜ਼ਿੰਦਗੀ ਦੀ ਗੱਡੀ ਨਵੇਂ ਸਿਰੇ ਤੋਂ ਰੋੜ੍ਹਨ ਲੱਗਦਾ।

ਰਾਜਵਿੰਦਰ ਤੇ ਅੰਮ੍ਰਿਤਾ ਨੂੰ ਨਿਊਜ਼ੀਲੈਂਡ ਵਾਸਾ ਕੀਤਿਆਂ ਸੱਤ ਸਾਲ ਹੋ ਚੁੱਕੇ ਹਨ। ਦੋਵਾਂ ਕੋਲ ਚੰਗੀਆਂ ਨੌਕਰੀਆਂ ਹਨ। ਹਰ ਸੁਖ ਸਹੂਲਤ ਹੈ। ਪਿਛਲੇ ਵਰ੍ਹੇ ਜਦੋਂ ਉਨ੍ਹਾਂ ਦੇ ਪੁੱਤਰ ਅਦਬ ਦਾ ਜਨਮ ਹੋਇਆ ਤਾਂ ਖੁਸ਼ੀਆਂ ਨੇ ਦੁੱਗਣੀਆਂ ਚੌਗਣੀਆਂ ਹੋ ਕਿਰਾਏ ਦੇ ਮਕਾਨ ਵਿੱਚ ਖੂਬ ਛਲਾਂਗਾਂ ਮਾਰੀਆਂ ਸਨ। ਕਦੇ-ਕਦੇ ਦੋਵਾਂ ਨੇ ਬੀਚ ਕਿਨਾਰੇ ਬੈਠ ਕੇ ਛਿਪਦੇ ਸੂਰਜ ਨਾਲ ਚੜ੍ਹਦੇ ਭਵਿੱਖ ਦੇ ਸੁਪਨੇ ਬੁਣਨੇ ਤਾਂ ਉਨ੍ਹਾਂ ਨੂੰ ਇਕ ਧੁੜਕੂ ਜਿਹਾ ਵੀ ਲੱਗਾ ਰਹਿਣਾ ਮਤੇ ਜਿਨ੍ਹਾਂ ਸੁਪਨਿਆਂ ਨੂੰ ਲੈ ਕੇ ਬੇਗਾਨੀ ਧਰਤੀ 'ਤੇ ਜ਼ਿੰਦਗੀ ਨਾਲ ਆਢਾ ਲਾਇਆ ਹੈ, ਪਤਾ ਨਹੀਂ ਉਹ ਸੁਪਨੇ ਪੂਰੇ ਹੋਣਗੇ ਵੀ ਜਾਂ ਨਹੀਂ। ਪਰ ਦੋਵਾਂ ਦੀ ਮਿਹਨਤ ਨਾਲ ਹਰ ਸੁਪਨੇ ਦਾ ਹਰ ਤੰਦ ਸਲੀਕੇ ਨਾਲ ਪਰੋਇਆ ਜਾ ਰਿਹਾ ਸੀ। ਜ਼ਿੰਦਗੀ ਦੀ ਚਾਦਰ ਦੀ ਕਢਾਈ ਦਾ ਹਰ ਰੰਗ ਗੂੜ੍ਹਾ ਸੀ। ਅੰਮ੍ਰਿਤਾ ਠੀਕ ਕਹਿੰਦੀ ਸੀ ਕਿ ਇਸ ਬੇਗਾਨੀ ਧਰਤੀ ਨੇ ਸਕੇ ਪੁੱਤਾਂ ਵਾਂਗੂੰ ਪਿਆਰ ਦਿੱਤਾ ਸੀ। ਫਿਰ ਵੀ ਇਕ ਖਲਾਅ ਸੀ ਜੋ ਰਾਜਵਿੰਦਰ ਨੂੰ ਅੰਦਰੋਂ ਊਣਾ ਹੋਣ ਦਾ ਅਹਿਸਾਸ ਕਰਵਾਉਂਦਾ ਰਹਿੰਦਾ। ਭੱਜ ਦੌੜ ਭਰੀ ਜ਼ਿੰਦਗੀ ਵਿੱਚ ਜਦੋਂ ਕਦੇ ਠਹਿਰਾਅ ਦਾ ਕੋਈ ਪਲ ਆਉਂਦਾ ਤਾਂ ਉਹ ਖੁਦ ਨੂੰ ਰੋਕ ਨਾ ਸਕਦਾ। ਉਸ ਦਾ ਵਜੂਦ ਮੱਲੋਂ ਜ਼ੋਰੀ ਅਤੀਤ ਦੀ ਝੋਲੀ ਜਾ ਬੈਠਦਾ। ਯਾਦਾਂ ਉਸ ਨੂੰ ਪਿੱਛੇ ਮੋੜ ਲਿਜਾਂਦੀਆਂ। ਉਹ ਮੋਗੇ ਸ਼ਹਿਰ ਦੇ ਆਪਣੇ ਘਰ ਜਾ ਪਹੁੰਚਦਾ, ਉਸ ਦਾ ਆਪਣਾ ਘਰ, ਜਿਥੇ ਕਦੇ ਉਸ ਦਾ ਸਾਰਾ ਸੰਸਾਰ ਵਸਦਾ ਸੀ। ਉਸ ਦਾ ਭਰਾ ਸੀ, ਡੈਡੀ ਸੀ ਤੇ ਜਾਂ ਉਸ ਦੀ ਮੋਈ ਹੋਈ ਮਾਂ ਦੀਆਂ ਯਾਦਾਂ ਦਾ ਸਰਮਾਇਆ ਸੀ। ਉਸ ਨੂੰ ਵਿਹੜੇ ਵਿੱਚ ਤੁਰਦੀ, ਕੰਮ ਕਰਦੀ, ਉਸ ਦੇ ਕੇਸ ਵਾਹੁੰਦੀ, ਝਿੜਕਾਂ ਦਿੰਦੀ ਅੰਮੀ ਦਿਸਦੀ। ਮਾਂ ਦੇ ਗੋਰੇ ਤੇ ਲਾਲ ਸੂਹੇ ਚਿਹਰੇ ਦੀ ਤਸਵੀਰ ਰਾਜਵਿੰਦਰ ਦੀਆਂ ਤਰ ਅੱਖਾਂ ਵਿੱਚ ਤੈਰਦੀ ਰਹਿੰਦੀ। ਪਤਾ ਨਹੀਂ ਉਹ ਕਿਹੜਾ ਮਾੜਾ ਵੇਲਾ ਸੀ ਜਦੋਂ ਚੰਦਰੀ ਮੌਤ ਉਸ ਨੂੰ ਵਿਲਕਦੇ ਬਾਲਾਂ ਦੀ ਗਲਵਕੜੀ ਤੋਂ ਖੋਹ ਕੇ ਲੈ ਗਈ ਸੀ। ਨਾ ਬਚਪਨ ਨਾ ਜਵਾਨੀ, ਇਹੋ ਜਿਹੀ ਉਮਰ ਸੀ ਜਦੋਂ ਭਰੇ ਭਰਾਏ ਘਰ ਵਿੱਚ ਦੋਵੇਂ ਭਰਾ ਮਾਂ ਵਿਹੂਣੇ ਹੋ ਕੇ ਰਹਿ ਗਏ। ਪਿੰਡ ਵਸਦੇ ਦਾਦਾ-ਦਾਦੀ, ਚਾਚੇ, ਤਾਏ, ਉਨ੍ਹਾਂ ਦੇ ਬੱਚੇ, ਸੁੱਖ ਨਾਲ ਪੰਦਰਾਂ ਵੀਹ ਜਣਿਆਂ ਦਾ ਭਰਿਆ ਪੂਰਾ ਪਰਵਾਰ ਸੀ।

ਜੇ ਕੁਝ ਨਹੀਂ ਸੀ ਤਾਂ ਉਹ ਮਾਂ ਸੀ। ਭਲਾ ਜਨਮ ਦਾਤੀ ਨੂੰ ਵੀ ਕੋਈ ਭੁੱਲ ਸਕਦਾ ਹੈ? ਕੌਣ ਉਨ੍ਹਾਂ ਹੱਥਾਂ ਨੂੰ ਵਿਸਾਰ ਸਕਦਾ ਹੈ ਜਿਸ ਨੇ ਤੁਹਾਨੂੰ ਲਾਡ ਲਡਾਏ ਹੋਣ, ਤੁਹਾਡੇ ਕੇਸ ਵਾਹੇ ਹੋਣ, ਮਮਤਾ ਦੀ ਚਾਸ਼ਨੀ ਵਿੱਚ ਭਿੱਜੇ ਪਰੌਂਠਿਆਂ ਨਾਲ ਸਕੂਲ ਭੇਜਿਆ ਹੋਵੇ। ਰਾਜਵਿੰਦਰ ਦੇ ਸੋਚਦਿਆਂ ਫਿਰ ਹੌਲੀ-ਹੌਲੀ ਸਾਰਾ ਦ੍ਰਿਸ਼ ਧੁੰਦਲਾ ਹੋ ਜਾਂਦਾ, ਉਸ ਨੂੰ ਕੁਝ ਨਜ਼ਰੀਂ ਨਾ ਪੈਂਦਾ। ਉਂਜ ਵੀ ਉਥੇ ਤਾਂ ਹੁਣ ਕੁਝ ਵੀ ਨਹੀਂ ਸੀ। ਰੋਜ਼ੀ ਰੋਟੀ ਦੇ ਚੱਕਰ ਵਿੱਚ ਹੀ ਭਰਾ ਨੇ ਕੈਨੇਡਾ ਜਾ ਡੇਰੇ ਲਾਏ। ਉਨ੍ਹਾਂ ਦੇ ਡੈਡੀ ਵੀ ਜ਼ਿਆਦਾ ਸਮਾਂ ਉਤੇ ਹੀ ਗੁਜ਼ਾਰਦੇ।

ਰਾਜਵਿੰਦਰ ਜਦੋਂ ਵੀ ਖਿਆਲਾਂ ਦੇ ਵਹਿਣ ਵਿੱਚ ਵਹਿੰਦਾ ਤਾਂ ਅੰਮ੍ਰਿਤਾ ਪਿਆਰ ਪੁਚਕਾਰ ਕੇ ਫਿਰ ਵਰਤਮਾਨ ਦੀ ਦਹਿਲੀਜ਼ 'ਤੇ ਲੈ ਆਉਂਦੀ। ਉਸ ਦਾ ਮਨ ਚਾਹੇ ਜਿੰਨਾ ਮਰਜ਼ੀ ਭਰਿਆ ਹੁੰਦਾ, ਪਰ ਅੱਜ ਤੱਕ ਅੰਮ੍ਰਿਤਾ ਸਾਹਮਣੇ ਉਸ ਨੇ ਕਦੇ ਆਪਣੇ ਆਪ ਨੂੰ ਡੋਲਣ ਨਹੀਂ ਦਿੱਤਾ ਸੀ।


ਅੰਮ੍ਰਿਤਾ ਤੇ ਅਦਬ ਉਸ ਨੂੰ ਸਾਹਾਂ ਤੋਂ ਵੀ ਪਿਆਰੇ ਜਾਪਦੇ। ਅਦਬ ਵੀ ਰੁੜ੍ਹਨਾ ਸਿੱਖ ਰਿਹਾ ਸੀ। ਬੈਕਯਾਰਡ ਵਿੱਚ ਥੋੜ੍ਹੀ ਜਿਹੀ ਕੱਚੀ ਜਗ੍ਹਾ 'ਤੇ ਦੋਵੇਂ ਜਣੇ ਉਸ ਨੂੰ ਮਿੱਟੀ ਨਾਲ ਘੁਲਦਾ ਦੇਖ ਕੇ ਆਨੰਦਿਤ ਹੁੰਦੇ। ਉਸ ਨਾਲ ਚੀਕਾਂ ਮਾਰਦੇ, ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ। ਅੱਜ ਅਦਬ ਦੇ ਖੇਡਣ ਤੋਂ ਬਾਅਦ ਅੰਮ੍ਰਿਤਾ ਉਸ ਨੂੰ ਸੁਲਾਉਣ ਅੰਦਰ ਚਲੀ ਗਈ। ਰਾਜਵਿੰਦਰ ਉਥੇ ਹੀ ਬੈਠਾ ਅਖਬਾਰ ਪੜ੍ਹਨ ਲੱਗ ਪਿਆ। ਕਾਫੀ ਸਮੇਂ ਬਾਅਦ ਵੀ ਜਦੋਂ ਉਹ ਅੰਦਰ ਨਾ ਆਇਆ ਤਾਂ ਅੰਮ੍ਰਿਤਾ ਨੇ ਖਿੜਕੀ ਥਾਣੀਂ ਨਿਗ੍ਹਾ ਮਾਰੀ। ਉਸ ਨੇ ਦੇਖਿਆ ਕਿ ਉਹ ਮਿੱਟੀ ਉਤੇ ਜਿਵੇਂ ਕੁਝ ਵਾਹ ਰਿਹਾ ਹੋਵੇ।

ਉਹ ਪੋਲੇ ਜਿਹੇ ਕੋਲ ਆਈ ਤਾਂ ਰਾਜਵਿੰਦਰ ਨੀਵੀਂ ਪਾਈ ਭੁਰਭੁਰੀ ਜਿਹੀ ਮਿੱਟੀ 'ਤੇ ਅਦਬ ਦੇ ਪੈਰਾਂ ਦੇ ਨਿਸ਼ਾਨ ਨਿਹਾਰ ਰਿਹਾ ਸੀ। ਅੰਮ੍ਰਿਤਾ ਸਿਰਹਾਣੇ ਖੜੀ ਤਾਂ ਉਸ ਦੀਆਂ ਅੱਖਾਂ 'ਚੋਂ ਦੋ ਅੱਥਰੂ ਮਿੱਟੀ ਉਤਲੇ ਨਿਸ਼ਾਨ 'ਤੇ ਜਾ ਪਏ। ਅੰਮ੍ਰਿਤ ਕੁਝ ਪੁੱਛਦੀ, ਇਸ ਤੋਂ ਪਹਿਲਾਂ ਹੀ ਰਾਜਵਿੰਦਰ ਦੀ ਭੁੱਬ ਨਿਕਲ ਗਈ। ਕਿੰਨਾ ਚਿਰ ਅੰਮ੍ਰਿਤਾ ਦੇ ਗੋਡੇ ਲੱਗ ਰੋਂਦਾ ਰਿਹਾ ਜਿਵੇਂ ਵਰ੍ਹਿਆਂ ਦਾ ਰੁਕਿਆ ਵਹਿਣ ਅੱਜ ਹੀ ਵਗ ਕੇ ਮੁੱਕਣਾ ਹੋਵੇ। ਥੋੜ੍ਹਾ ਸ਼ਾਂਤ ਹੋਣ 'ਤੇ ਉਸ ਨੇ ਆਪੇ ਗੱਲ ਛੇੜੀ, 'ਜਦੋਂ ਮੰਮੀ ਦੀ ਮੌਤ ਹੋਈ ਤਾਂ ਡੈਡੀ ਨੌਕਰੀ ਕਰਦੇ ਸੀ। ਮੰਮੀ ਘਰੇ ਰਹਿੰਦੇ। ਸਾਰਾ ਦਿਨ ਕੁਝ ਨਾ ਕੁਝ ਕਰਦੇ ਰਹਿਣਾ। ਨੌਕਰੀਪੇਸ਼ਾ ਤੇ ਸ਼ਹਿਰੀ ਘਰ ਹੋਣ ਦੇ ਬਾਵਜੂਦ ਮੰਮੀ ਨੇ ਜ਼ਿੱਦ ਕਰਕੇ ਇਕ ਮੱਝ ਵੀ ਰੱਖੀ ਹੋਈ ਸੀ। ਉਹਦੀ ਸੰਭਾਲ ਵੀ ਕਰਦੇ। ਪਾਥੀਆਂ ਵੀ ਪੱਥਦੇ। ਡੈਡੀ ਨੇ ਬਥੇਰਾ ਕਹਿਣਾ, 'ਕਿਉਂ ਗੋਹੇ ਵਿੱਚ ਹੱਥ ਮਾਰਦੀ ਏਂ!' ਪਰ ਮੰਮੀ ਨੇ ਆਦਤ ਮੁਜਬ ਆਪਣੇ ਕੰਮ ਲੱਗੀ ਰਹਿਣਾ। ਜਦੋਂ ਮੰਮੀ ਸਾਨੂੰ ਛੱਡ ਕੇ ਚਲੇ ਗਦੇ ਤਾਂ ਮੈਂ ਮਸਾਂ 13 ਕੁ ਸਾਲ ਦਾ ਹੋਵਾਂਗਾ। ਮੰਮੀ ਤੋਂ ਬਿਨਾਂ ਹਮੇਸ਼ਾਂ ਡੌਰ ਭੌਰ ਜਿਹਾ ਹੋਇਆ ਰਹਿਣਾ ਕਿ ਇਹ ਕੀ ਹੋ ਗਿਆ। ਕੁਝ ਸਮਝ ਨਾ ਪੈਂਦੀ। ਹੌਲੀ-ਹੌਲੀ ਜ਼ਿੰਦਗੀ ਦੀ ਗੱਡੀ ਲੀਹ 'ਤੇ ਆਉਣ ਲੱਗੀ। ਇਕ ਦਿਨ ਮੈਂ ਚੁੱਲ੍ਹੇ ਮੂਹਰੇ ਬੈਠਾ ਅੱਗ ਬਾਲ ਰਿਹਾ ਸੀ। ਬਾਲਣ, ਪਾਥੀਆਂ ਤੋੜ-ਤੋੜ ਚੁੱਲ੍ਹੇ ਵਿੱਚ ਲਗਾ ਰਿਹਾ ਸੀ। ਅਚਾਨਕ ਇਕ ਪਾਥੀ 'ਤੇ ਆ ਕੇ ਮੇਰੀ ਨਿਗ੍ਹਾ ਰੁਕ ਗਈ। ਪਾਥੀ 'ਤੇ ਮੰਮੀ ਦੀਆਂ ਉਂਗਲਾਂ ਦੇ ਨਿਸ਼ਾਨ ਸਨ। ਮੰਮੀ ਦੇ ਹੱਥਾਂ ਨਾਲ ਬਣਾਈਆਂ ਪਾਥੀਆਂ 'ਤੇ ਉਨ੍ਹਾਂ ਦੀਆਂ ਉਂਗਲਾਂ ਛਪੀਆਂ ਹੋਈਆਂ ਸਨ। ਮੈਂ ਕਿੰਨਾ ਚਿਰ ਹੀ ਬੈਠਾ ਉਸ ਪਾਥੀ ਨੂੰ ਪਲੋਸ-ਦਾ ਰਿਹਾ, ਜਿਵੇਂ ਮਾਂ ਦੀ ਛੋਹ ਨੂੰ ਮਹਿਸੂਸ ਕਰਨਾ ਚਾਹੁੰਦਾ ਸੀ। ਫਿਰ ਪਤਾ ਨ੍ਹੀਂ ਕਿਉਂ, ਮੈਥੋਂ ਉਹ ਪਾਥੀ ਸੰਭਾਲੀ ਨਹੀਂ ਗਈ ਤੇ ਮੈਂ ਉਹਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ।'

ਇਹ ਗੱਲ ਹੋਣ ਮਗਰੋਂ ਰਾਜਵਿੰਦਰ ਤੇ ਅੰਮ੍ਰਿਤਾ ਦੋਵੇਂ ਕਿੰਨਾ ਹੀ ਚਿਰ ਸ਼ਾਂਤ ਬੈਠੇ ਰਹੇ। ਦੋਵਾਂ ਨੂੰ ਕੋਈ ਗੱਲ ਨਹੀਂ ਅਹੁੜ ਰਹੀ ਸੀ। ਦੋਵੇਂ ਅਦਬ ਦੇ ਪੈਰਾਂ ਦੇ ਨਿਸ਼ਾਨ ਨਿਹਾਰ ਰਹੇ ਸਨ। 'ਕੋਈ ਨਾ ਡਾਕਟਰ ਸਾਬ੍ਹ, ਆਪਾਂ ਆਪਣੇ ਇਨ੍ਹਾਂ ਨਿਸ਼ਾਨਾਂ ਨੂੰ ਸੰਭਾਲ ਕੇ ਰੱਖਾਂਗੇ। ਇਹ ਯਾਦਾਂ ਦਾ ਅਮੀਰ ਭੰਡਾਰ ਜਮ੍ਹਾਂ ਕਰਾਂਗੇ..' ਇਸ ਤੋਂ ਪਹਿਲਾਂ ਕਿ ਅੰਮ੍ਰਿਤਾ ਕੁਝ ਹੋਰ ਬੋਲਦੀ, ਰਾਜਵਿੰਦਰ ਨੇ ਪੋਲੇ ਜਿਹੇ ਉਨ੍ਹਾਂ ਨਿਸ਼ਾਨਾਂ 'ਤੇ ਹੱਥ ਫੇਰ ਦਿੱਤਾ ਤੇ ਕਿਹਾ, 'ਨਹੀਂ ਅੰਮ੍ਰਿਤਾ, ਇਹ ਮੋਹ ਦੇ ਨਿਸ਼ਾਨ ਨੇ। ਇਨ੍ਹਾਂ ਨੂੰ ਕੰਧਾਂ 'ਤੇ ਨ੍ਹੀਂ ਲਟਕਾਇਆ ਜਾ ਸਕਦਾ। ਮੋਹ ਦੇ ਨਿਸ਼ਾਨ ਦਿਲ ਦੇ ਸਫੇ 'ਤੇ ਉਕਰੇ ਹੁੰਦੇ ਨੇ। ਕੀਮਤੀ ਸਰਮ-ਾਇਆ ਡੂੰਘੀਆਂ ਤਿਜੋਰੀਆਂ ਵਿੱਚ ਹੀ ਸੁਰੱਖਿਅਤ ਹੈ। ਦਿਲਾਂ ਬਗੈਰ ਇਹ ਨਿਸ਼ਾਨ ਧੂੜਾਂ ਵਿੱਚ ਰੁਲ ਜਾਣਗੇ। ਇਨ੍ਹਾਂ ਨੂੰ ਇਥੇ ਹੀ ਰਹਿਣ ਦੇ..।'

'ਠੀਕ ਐ ਡਾਕਟਰ ਸਾਬ੍ਹ,' ਅੰਮ੍ਰਿਤਾ ਕੋਲ ਕਹਿਣ ਲਈ ਹੁਣ ਕੁਝ ਵੀ ਨਹੀਂ ਸੀ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for
Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਨੇੜਿਓਂ ਤੱਕਿਆ ਦੀਦਾਰ

-ਸੁਖਵਿੰਦਰ ਸਿੰਘ ਮੁੱਲਾਂਪੁਰ




ਦੀਦਾਰ ਸੰਧੂ ਜਿੰਨਾ ਵਧੀਆ ਗੀਤਕਾਰ ਸੀ, ਓਨਾ ਹੀ ਵਧੀਆ ਗਾਇਕ ਵੀ। ਉਹ ਆਲੇ ਦੁਆਲੇ ਦੇ ਹਾਲਾਤ ਦੇਖ ਕੇ ਗੀਤ ਰਚ ਲੈਂਦਾ ਸੀ। ਗੀਤ ਲਿਖਣ ਉਹ ਸਕੂਲ ਸਮੇਂ ਹੀ ਲੱਗ ਗਿਆ ਸੀ, ਪਰ ਇਨ੍ਹਾਂ ਨੂੰ ਪਛਾਣ ਮੁਹੰਮਦ ਸਦੀਕ ਨੇ ਦਿੱਤੀ। ਦਸਵੀਂ ਕਰਨ ਪਿੱਛੋਂ ਉਸ ਨੇ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਕਰ ਲਈ। ਮੁਹੰਮਦ ਸਦੀਕ ਵੀ ਉਥੇ ਹੀ ਕੰਮ ਕਰਦਾ ਹੋਣ ਕਾਰਨ 1962 ਵਿੱਚ ਜਦੋਂ ਦੋਵਾਂ ਦੀ ਮੁਲਾਕਾਤ ਹੋਈ ਤਾਂ ਦੀਦਾਰ ਨੇ ਸਦੀਕ ਨੂੰ ਆਪਣੇ ਲਿਖੇ ਗੀਤ ਦਿਖਾਏ ਜਿਨ੍ਹਾਂ ਨੂੰ ਪੜ੍ਹ ਕੇ ਸਦੀਕ ਹੈਰਾਨ ਰਹਿ ਗਿਆ ਕਿ ਅੱਲ੍ਹੜ ਜਿਹੇ ਮੁੰਡੇ ਨੇ ਇੰਨੇ ਵਧੀਆ ਗੀਤ ਲਿਖੇ ਹਨ। ਇਹ ਗੀਤ ਸਨ:

*ਜਿਹੀ ਤੇਰੀ ਗੁੱਤ ਦੇਖ ਲੀ
ਜਿਹਾ ਦੇਖਿਆ ਜਰਗ ਦਾ ਮੇਲਾ
*ਇਕ ਤੇਰਾ ਰੰਗ ਮੁਸ਼ਕੀ
ਦੂਜਾ ਚਰਖਾ ਗਲੀ ਦੇ ਵਿੱਚ ਡਾਹਿਆ
*ਗੋਰੇ ਰੰਗ ਤੇ ਵਾਸਕਟ ਕਾਲੀ
ਵੇਖ ਜੱਟਾ ਬੜੀ ਸੱਜਦੀ

ਇਹੀ ਉਹ ਘੜੀ ਸੀ, ਜਦੋਂ ਮੁਹੰਮਦ ਸਦੀਕ ਤੇ ਦੀਦਾਰ ਸੰਧੂ ਦੇ ਜੀਵਨ ਨੇ ਨਵਾਂ ਮੋੜ ਕੱਟਿਆ। ਇਹ ਉਹ ਗੀਤ ਸਨ, ਜਿਹੜੇ ਮੁਹੰਮਦ ਸਦੀਕ ਦੇ ਗਾਏ ਅਤੇ ਦੀਦਾਰ ਸੰਧੂ ਦੇ ਲਿਖੇ ਗੀਤਾਂ ਦੀ ਪਹਿਲੀ ਰਿਕਾਡਿੰਗ ਬਣੇ। 1965-66 ਵਿੱਚ ਉਪਰ ਵਾਲੇ ਦੋ ਗੀਤ ਇਕੱਲੇ ਮੁਹੰਮਦ ਸਦੀਕ ਦੀ ਆਵਾਜ਼ ਵਿੱਚ ਰਿਕਾਰਡ ਹੋਏ। ਹੇਠਲਾ ਗੀਤ ਮੁਹੰਮਦ ਸਦੀਕ ਤੇ ਸਵਰਨ ਲਤਾ ਦੀ ਆਵਾਜ਼ ਵਿੱਚ ਰਿਕਾਰਡ ਹੋਇਆ। ਇਹ ਗੀਤ ਮਾਰਕੀਟ ਵਿੱਚ ਆਏ ਤਾਂ ਇਨ੍ਹਾਂ ਦੋਵਾਂ ਦੀ ਗਾਇਕੀ ਤੇ ਗੀਤਕਾਰੀ ਵਿੱਚ ਪਛਾਣ ਬਣ ਗਈ। 'ਮੇਰੀ ਐਸੀ ਝਾਂਜਰ ਛਣਕੇ' ਗੀਤ ਆਉਣ ਨਾਲ ਤਾਂ ਉਨ੍ਹਾਂ ਦੇ ਸੁਪਨੇ ਸਾਕਾਰ ਹੋ ਗਏ। ਦੀਦਾਰ ਸੰਧੂ ਦੇ ਲਿਖੇ ਕਈ ਗੀਤ ਮੁਹੰਮਦ ਸਦੀਕ ਅਤੇ ਰਣਜੀਤ ਕੌਰ ਵੱਲੋਂ ਰਿਕਾਰਡ ਹੋਏ। ਇਨ੍ਹਾਂ ਵਿੱਚ ਹਨ:

*ਪਹਿਲੀ ਪੇਸ਼ੀ ਯਾਰ ਛੁੱਟ ਜਾਏ
ਲੱਡੂ ਵੰਡਦੀ ਕਚਹਿਰੀ ਵਿੱਚੋਂ ਆਵਾਂ
*ਸੁਰਮਾ ਪੰਜ ਰੱਤੀਆਂ
ਪਾ ਕੇ ਮੋੜ 'ਤੇ ਖੜ੍ਹਗੀ
*ਇਕ ਛੱਡ ਜਾ ਮਹੀਨਾ ਹੋਰ ਮੁੰਡਿਆ

ਇਹ ਗੀਤ ਵੀ ਮਾਰਕੀਟ ਵਿੱਚ ਇੰਨੇ ਚੱਲੇ ਕਿ ਸਦੀਕ ਅਤੇ ਦੀਦਾਰ ਦਾ ਕੱਦ ਹੋਰ ਉਚਾ ਹੋ ਗਿਆ। ਸਦੀਕ ਨੇ ਦੀਦਾਰ ਸੰਧੂ ਵਿੱਚ ਗੀਤਕਾਰੀ ਦੇ ਨਾਲ-ਨਾਲ ਗਾਇਕੀ ਦੇ ਗੁਣ ਵੀ ਦੇਖ ਲਏ। ਫਿਰ ਦੀਦਾਰ ਨੇ ਮੁਹੰਮਦ ਸਦੀਕ ਨੂੰ ਗੁਰੂ ਧਾਰ ਲਿਆ ਤੇ ਉਨ੍ਹਾਂ ਕੋਲੋਂ ਗਾਇਕੀ ਦੀਆਂ ਬਾਰੀਕੀਆਂ ਸਿੱਖੀਆਂ। ਉਸ ਨੇ ਬਹੁਤ ਹੀ ਪੱਛੜੇ ਪਿੰਡ ਤੋਂ ਆ ਕੇ ਆਪਣਾ ਤੇ ਆਪਣੇ ਪਿੰਡ ਦਾ ਨਾਂ ਚਮਕਾ ਦਿੱਤਾ। ਪਹਿਲਾਂ ਪਹਿਲ ਭਰੋਵਾਲ ਪਿੰਡ ਦੇ ਦੁਆਲੇ ਰੇਤੇ ਦੇ ਟਿੱਬੇ ਸਨ। ਪਿੰਡ ਜਾਣ ਨੂੰ ਕੋਈ ਰਾਹ ਵੀ ਨਹੀਂ ਸੀ। ਲੋਕ ਤੁਰ ਕੇ ਪਗਡੰਡੀ ਰਾਹੀਂ ਪਿੰਡ ਪਹੁੰਚਦੇ ਸਨ। ਆਪਣੇ ਪਿੰਡ ਦਾ ਵਰਣਨ ਇਕ ਗੀਤ ਰਾਹੀਂ ਉਸ ਨੇ ਇੰਜ ਕੀਤਾ, ਜਿਸ ਨੂੰ ਰਮੇਸ਼ ਰੰਗੀਲਾ ਅਤੇ ਸਦੇਸ਼ ਕਪੂਰ ਨੇ ਆਵਾਜ਼ ਦਿੱਤੀ:

ਅੱਗੇ ਵੇਖ ਦੀਦਾਰ ਸਾਡੇ ਨਾਲ ਕਰ ਗਿਆ ਹੇਰਾਫੇਰੀ
ਜਾਂ ਏ ਮੇਰੀ ਭੈਣ ਵਿਚੋਲਣ ਡੋਬੀ ਕਿਸਮਤ ਮੇਰੀ
ਭਰੋਵਾਲ ਨੂੰ ਮੋਟਰ ਗੱਡੀ
ਨਾ ਕੋਈ ਲੱਗਦਾ ਯੱਕਾ
ਧਤੂਕਾ ਕੌਣ ਸੁਣੇ, ਖੂਹ ਵਿੱਚ ਦੇ ਕੇ ਧੱਕਾ।

ਦੀਦਾਰ ਸੰਧੂ ਨੂੰ ਮੈਂ ਬਹੁਤ ਨੇੜਿਓਂ ਤੱਕਿਆ ਹੈ ਅਤੇ ਉਸ ਨਾਲ ਵਿਚਰਿਆ ਹਾਂ। ਗੀਤਕਾਰੀ ਦੇ ਨਾਲ-ਨਾਲ ਉਹ ਮੁਹੰਮਦ ਸਦੀਕ ਦੀ ਹੱਲਾਸ਼ੇਰੀ ਨਾਲ ਗਾਇਕੀ ਦੇ ਪਿੜ ਵਿੱਚ ਵੀ ਆ ਗਿਆ। ਉਸ ਦਾ ਪਹਿਲਾਂ ਗੀਤ ਨਰਿੰਦਰ ਬੀਬਾ ਨਾਲ ਰਿਕਾਰਡ ਹੋਇਆ:

ਜੱਟ ਬੜਾ ਬੇਦਰਦੀ, ਮੈ ਕਿੱਥੇ ਜਾਵਾਂ

ਫਿਰ ਉਸ ਦੀ ਜੋੜੀ ਸਨੇਹ ਲਤਾ ਨਾਲ ਬਣ ਗਈ, ਜੋ ਅੱਠ ਸਾਲ ਤੱਕ ਚੱਲੀ। ਇਹ ਜੋੜੀ ਬਹੁਤ ਮਕਬੂਲ ਹੋਈ। 1975 ਵਿੱਚ ਦੀਦਾਰ ਸੰਧੂ ਦੇ ਲਿਖੇ ਅਤੇ ਗਾਏ ਗੀਤਾਂ ਦਾ ਤਵਾ ਆਇਆ, ਜੋ ਇਨ੍ਹਾਂ ਦੋਵਾਂ ਦੀ ਆਵਾਜ਼ ਵਿੱਚ ਰਿਕਾਰਡ ਸੀ। ਇਸ ਵਿੱਚ ਛੇ ਗੀਤ ਸਨ:

*ਜੋੜੀ ਜਦੋਂ ਚੁਬਾਰੇ ਚੜ੍ਹਦੀ
*ਬਣ ਕੇ ਪ੍ਰਾਹੁਣਾ ਆਵੇ
*ਮੁੰਡਾ ਪੀ ਕੇ ਵਲੈਤੀ ਦਾਰੂ
*ਲੈ ਚੱਲ ਮੁੰਡਿਆ ਵੇ ਨਾਲ
*ਜੇ ਬਣ ਜੇ ਵਿਚੋਲਣ
*ਹਾਲ ਵੇ ਰੱਬਾ

ਇਸ ਤਵੇ ਵਿਚਲਾ ਗੀਤ 'ਜੋੜੀ ਜਦੋਂ ਚੁਬਾਰੇ ਚੜ੍ਹਦੀ' ਇੰਨਾ ਹਿੱਟ ਹੋਇਆ ਕਿ ਇਸ ਨੇ ਸਾਰੇ ਰਿਕਾਰਡ ਤੋੜ ਦਿੱਤੇ। ਹਰ ਇਕ ਦੇ ਮੂੰਹ 'ਤੇ ਇਹ ਗੀਤ ਚੜ੍ਹ ਗਿਆ। ਸਪੀਕਰਾਂ ਵਿੱਚ ਵਾਰ-ਵਾਰ ਇਹੀ ਗੀਤ ਵੱਜਦਾ ਸੀ। ਹਰ ਪਾਸੇ ਦੀਦਾਰ ਹੀ ਦੀਦਾਰ ਹੋਣ ਲੱਗ ਪਈ ਸੀ। ਉਹ ਅਜਿਹਾ ਗੀਤਕਾਰ ਸੀ ਜੋ ਆਲੇ ਦੁਆਲੇ ਦੇ ਹਾਲਾਤ ਦੇਖ ਕੇ ਹੀ ਗੀਤ ਰਚ ਲੈਂਦਾ ਸੀ। ਇਕ ਵਾਰ ਮੁੱਲਾਂਪੁਰ ਦਾਖਾ ਬਾਜ਼ਾਰ ਵਿੱਚ ਇਕ ਜੋਗੀ ਬੀਨ ਵਜਾ ਕੇ ਸੱਪ ਦਿਖਾ ਰਿਹਾ ਸੀ। ਮੈਂ ਵੀ ਉਥੇ ਬੈਠਾ ਦੇਖ ਰਿਹਾ ਸੀ। ਉਥੇ ਦੀਦਾਰ ਸੰਧੂ ਆ ਗਿਆ। ਜਦੋਂ ਜੋਗੀ ਸੱਪ ਦਿਖਾ ਹਟਿਆ ਤਾਂ ਦੀਦਾਰ ਸੰਧੂ ਨੇ ਕਿਹਾ ਕਿ ਫਿਰ ਬੀਨ ਵਜਾ। ਉਹ ਬੀਨ ਵਜਾ ਰਿਹਾ ਸੀ। ਦੀਦਾਰ ਸੰਧੂ ਬਹੁਤ ਧਿਆਨ ਨਾਲ ਸੁਣ ਰਿਹਾ ਸੀ। ਇਹ ਉਹੀ ਜਾਣਦਾ ਸੀ ਕਿ ਉਸ ਨੇ ਕੀ ਸੁਣਿਆ? ਬਾਅਦ ਵਿੱਚ ਉਹ ਇਹ ਕਹਿ ਕੇ ਚਲਾ ਗਿਆ ਕਿ ਉਸ ਦਾ ਵੀ ਇਕ ਗੀਤ ਇਸ ਤਰਜ਼ 'ਤੇ ਆਵੇਗਾ। ਥੋੜ੍ਹੇ ਸਮੇ ਬਾਅਦ ਗੀਤ ਆ ਗਿਆ:

ਤੂੰ ਗੋਰੀ ਤੇ ਮੈਂ ਕਾਲਾ ਨੀਂ
ਜਿਵੇ ਨਾਗ ਕੌਡੀਆਂ ਵਾਲਾ ਨੀਂ
ਹੋ ਗਈ ਪਿੰਡ ਵਿੱਚ ਲਾ-ਲਾ-ਲਾ-ਲਾ ਨੀਂ
ਮੱਚ ਗਈ ਦੁਹਾਈ ਆ
ਲੋਕ ਪੁੱਛਣ ਪਏ ਮੈਨੂੰ
ਬੀਬੀ ਕਿਵੇਂ ਟਿਕਾਈ ਆ

ਉਸ ਸਮੇਂ ਸਕੂਟਰ ਹੀ ਪ੍ਰਧਾਨ ਹੁੰਦਾ ਸੀ, ਉਹ ਵੀ ਕਿਸੇ-ਕਿਸੇ ਕੋਲ ਹੁੰਦਾ ਸੀ। ਉਹ ਜਿੱਥੇ ਮਰਜ਼ੀ ਚਲਿਆ ਜਾਵੇ, ਪਰ ਸ਼ਾਮ ਨੂੰ ਪਿੰਡ ਪਹੁੰਚਦਾ ਸੀ। ਕਈ ਵਾਰ ਪਿੰਡ ਤੋਂ ਸਕੂਟਰ 'ਤੇ ਹੀ ਨਹਿਰੇ ਨਹਿਰ ਲੁਧਿਆਣਾ ਦਫਤਰ ਚਲੇ ਜਾਣਾ। ਰਸਤੇ ਵਿੱਚ ਗੀਤ ਰਚ ਲੈਣੇ। ਉਸ ਨੂੰ ਖੇਤੀਬਾੜੀ ਦਾ ਵੀ ਸ਼ੌਕ ਸੀ। ਇਕ ਦਿਨ ਫਸਲ ਨੂੰ ਪਾਣੀ ਦੇ ਰਿਹਾ ਸੀ। ਸਿਰੇ ਵਾਲੇ ਕਿਆਰੇ ਵਿੱਚ ਪਾਣੀ ਨਾ ਚੜ੍ਹਿਆ ਤਾਂ ਲਿਖਣ ਬੈਠ ਗਿਆ:

ਸੁੱਕਾ ਕੰਨੀ ਦੇ ਕਿਆਰੇ ਵਾਂਗੂ ਜੇਠ ਰਹਿ ਗਿਆ

ਇਕ ਵਾਰ ਉਹ ਬਲਜੀਤ ਬੱਲੀ ਨਾਲ ਕਿਸੇ ਪ੍ਰੋਗਰਾਮ 'ਤੇ ਅਖਾੜਾ ਲਾਉਣ ਜਾ ਰਿਹਾ ਸੀ। ਨੇੜੇ ਜਾ ਕੇ ਜਿਸ ਘਰ ਅਖਾੜਾ ਲਾਉਣਾ ਸੀ, ਉਨ੍ਹਾਂ ਦਾ ਘਰ ਪੁੱਛਣ ਲੱਗੇ। ਕਿਸੇ ਨੇ ਦੱਸਿਆ ਕਿ ਸਿੱਧੇ ਚਲੇ ਜਾਵੋ, ਫਿਰ ਇਕ ਮੋੜ ਮੁੜ ਜਾਣਾ। ਅੱਗੇ ਜਾ ਕੇ ਮੋੜ 'ਤੇ ਦੁਕਾਨ ਦਾ ਨਾਂ ਲਿਖਿਆ ਹੋਵੇਗਾ, ਉਥੋਂ ਮੁੜ ਜਾਣਾ। ਅੱਗੇ ਪ੍ਰੋਗਰਾਮ ਵਾਲਿਆਂ ਦਾ ਘਰ ਆ ਜਾਵੇਗਾ। ਉਹ ਗਲਤ ਰਾਹ ਪੈ ਗਏ। ਦੀਦਾਰ ਸੰਧੂ ਨੇ ਡਰਾਈਵਰ ਨੂੰ ਪੁੱਛਿਆ, 'ਔਹ ਸਾਹਮਣੇ ਮੋੜ 'ਤੇ ਕੀ ਲਿਖਿਆ?' ਉਸ ਨੇ ਕਹਿ ਦਿੱਤਾ, 'ਠੇਕਾ ਦੇਸੀ ਦਾਰੂ।' ਬਲਜੀਤ ਬੱਲੀ ਨੇ ਕਹਿ ਦਿਤਾ, ਚਲੋ ਫਿਰ ਮੁੜ ਚਲੋ। ਰਾਹ ਸਾਰਾ ਦਾਰੂ ਪੀਣ ਵਾਲਿਆਂ ਨਾਲ ਭਰਿਆ ਪਿਆ ਹੈ। ਫਿਰ ਇਹ ਗੀਤ ਦੀਦਾਰ ਸੰਧੂ ਨੇ ਬਲਜੀਤ ਬੱਲੀ ਨਾਲ ਰਿਕਾਰਡ ਕਰਵਾ ਦਿੱਤਾ:

ਔਹ ਸਾਹਮਣੇ ਮੋੜ 'ਤੇ ਕੀ ਲਿਖਿਆ
ਠੇਕਾ ਦੇਸੀ ਦਾਰੂ
ਚੱਲ ਮੁੜ ਚੱਲ

ਮੁੱਲਾਂਪੁਰ ਬਾਜ਼ਾਰ ਥਾਣੇ ਵਿੱਚ ਇਕ ਥਾਣੇਦਾਰ ਡਿਊਟੀ 'ਤੇ ਆ ਗਿਆ। ਉਸ ਦਾ ਨਾਂ ਵੀ ਦੀਦਾਰ ਸਿੰਘ ਸੀ। ਉਹ ਦੀਦਾਰ ਸੰਧੂ ਦਾ ਪੱਕਾ ਯਾਰ ਬਣ ਗਿਆ। ਦੀਦਾਰ ਸੰਧੂ ਨੂੰ ਉਸ ਨੇ ਕਿਹਾ, 'ਯਾਰ ਮੇਰੇ 'ਤੇ ਵੀ ਕੋਈ ਗੀਤ ਲਿਖਦੇ।' ਉਸ ਨੇ ਯਾਰੀ ਨਿਭਾਉਣ ਖਾਤਰ ਉਸ 'ਤੇ ਗੀਤ ਲਿਖ ਦਿੱਤਾ। ਥਾਣੇਦਾਰ ਦੀਦਾਰ ਸਿੰਘ ਦੇ ਘਰ ਮੁੰਡੇ ਨੇ ਜਨਮ ਲੈ ਲਿਆ। ਉਸ ਨੇ 1983 ਵਿੱਚ ਮੁੰਡੇ ਦੀ ਲੋਹੜੀ ਮੌਕੇ ਦੀਦਾਰ ਸੰਧੂ ਦਾ ਅਖਾੜਾ ਥਾਣੇ ਵਿੱਚ ਲਵਾ ਦਿੱਤਾ। ਮੈਂ ਵੀ ਸੁਣਨ ਚੱਲਿਆ ਗਿਆ। ਦੀਦਾਰ ਸੰਧੂ ਨਾਲ ਅਮਰ ਨੂਰੀ ਸੀ। ਉਥੇ ਉਸ ਨੇ ਥਾਣੇਦਾਰ ਦੀਦਾਰ ਸਿੰਘ 'ਤੇ ਲਿਖਿਆ ਗੀਤ ਲਾ ਦਿੱਤਾ:

ਹੁਣ ਤਾਂ ਥਾਣੇਦਾਰ ਵੀ ਦਫਤਰ ਦੇ ਵਿੱਚ
ਧੂਫ ਧੁਖਾ ਕੇ ਬਹਿੰਦੇ ਨੇ

ਸਾਰੇ ਪਾਸੇ ਹਾਸਾ ਫੈਲ ਗਿਆ। ਥਾਣੇਦਾਰ ਨੇ ਸਟੇਜ 'ਤੇ ਜਾ ਕੇ ਦੀਦਾਰ ਸੰਧੂ ਦੀ ਹੌਸਲਾ ਅਫਜ਼ਾਈ ਕੀਤੀ ਤੇ ਨਾਲ ਹੀ ਉਸ ਨੂੰ ਜੱਫੀ ਪਾ ਕੇ ਹੱਸ ਕੇ ਕਹਿੰਦਾ, 'ਇਹੋ ਜਿਹੇ ਯਾਰ ਹੋਣੇ ਚਾਹੀਦੇ ਹਨ।'

ਮੁੱਲਾਂਪੁਰ ਨਾਲ ਦੀਦਾਰ ਸੰਧੂ ਦੀਆਂ ਹੋਰ ਵੀ ਯਾਦਾਂ ਜੁੜੀਆਂ ਹਨ। ਮੁੱਲਾਂਪੁਰ ਘੋਲੂ ਹੋਟਲ ਵਾਲਾ ਉਸ ਦਾ ਪੱਕਾ ਯਾਰ ਸੀ। ਉਸ ਨੇ ਆਥਣ ਸਵੇਰ ਉਸ ਕੋਲ ਹੋ ਕੇ ਜਾਣਾ। ਯਾਰੀ ਨਿਭਾਉਦਿਆਂ ਉਸ ਦਾ ਨਾਮ ਗੀਤ ਵਿੱਚ ਪਾ ਦਿੱਤਾ ਸੀ:

ਕਰਦਾ ਕਿਉਂ ਨੁਕਤਾਚੀਨੀ
ਸਤਿਗੁਰ ਦੇ ਟੋਟਲ ਉਤੇ
ਮੁੱਲਾਂਪੁਰ ਰੋਟੀ ਖਾ ਲਿਆ ਕਰ
ਘੋਲੂ ਦੇ ਹੋਟਲ ਉਤੇ

ਇਸ ਤਰ੍ਹਾਂ ਰਚੇ ਗੀਤਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਹਨ। ਉਸ ਨੇ ਬਹੁਤ ਕਾਲਪਨਿਕ ਉਡਾਰੀਆਂ ਵੀ ਮਾਰੀਆਂ। ਇਕ ਗੂੜ੍ਹੇ ਰਿਸ਼ਤੇ ਦੀ ਗੱਲ ਕਰਦਾ ਹੋਇਆ ਉਹ ਕਹਿੰਦਾ ਹੈ:

*ਚੰਨ ਹੋ ਬੱਦਲਾਂ ਦੇ ਉਹਲੇ
ਕੰਨੀਆਂ ਨੂੰ ਇੰਜ ਰੁਸ਼ਨਾਵੇ
ਕੋਈ ਗੋਟੇ ਵਾਲੀ ਚੁੰਨੀ
ਅੰਬਰ 'ਤੇ ਸੁੱਟ ਸੁਕਾਵੇ
ਇਹ ਚਾਨਣ ਵਰਗਾ ਰਿਸ਼ਤਾ
ਜੱਗ ਤੋਂ ਕਿਵੇਂ ਲੁਕੋਵੇਂਗਾ
*ਮੈਂ ਤੇਰੇ ਮਾਨ ਸਰੋਵਰ ਝੀਲ ਜਿਹੇ
ਨੈਣਾਂ ਦੇ ਨਜ਼ਰੀਂ ਚੜ੍ਹ ਜਾਵਾਂ
*ਜੋੜਾ ਚਿੱਟਿਆਂ ਕਬੂਤਰਾਂ ਦਾ ਉਡ ਕੇ
ਬੱਦਲਾਂ 'ਚ ਲੁਕ ਛਿਪ ਜਾਊਗਾ
*ਇਹ ਤਾਂ ਦੀਦਾਰ ਤੈਥੋਂ ਪੁੱਛਦਾ ਸੀ ਗੱਲ ਨੀਂ
ਚੱਲ ਤੈਨੂੰ ਮੱਸਿਆ ਨਹਾ ਕੇ ਦੇਊ ਘੱਲ ਨੀਂ
ਰੱਬ ਨੂੰ ਕੀ ਅਸੀਂ ਦੇਵਾਂਗੇ ਜਵਾਬ
ਜਦੋਂ ਪੁੱਛੂਗਾ ਸ਼ਰੀਕੇ ਵਿੱਚ ਬਹਿ ਕੇ
ਨੀਂ ਇਕ ਗੱਲ ਤੂੰ ਦੱਸ ਦੇ
ਕਿਹੜੀ ਖੱਟੀ ਆ ਭੈਣ ਜੀ ਕਹਿ ਕੇ

ਸਮਾਜਿਕ ਰਿਸ਼ਤਿਆਂ ਵਿੱਚ ਵਿਚਰਨ ਬਾਰੇ ਵੀ ਉਸ ਨੇ ਗੀਤ ਲਿਖੇ ਤੇ ਗਾਏ ਹਨ:

ਲੈ ਦੇਊਂ ਤੈਨੂੰ ਚਾਬੀ ਘਰ ਦੀ
ਜਿੰਦਣ ਗਈ ਪੈਲੀ ਵੰਡੀ
ਐਵੇਂ ਵੇਖੇ ਨੇ ਤਮਾਸ਼ਾ ਸਾਰਾ ਪਿੰਡ ਬੱਲੀਏ
ਮੈਨੂੰ ਬੁੜ੍ਹੀ ਹੋਈ ਲੱਗਦੀ ਤੜਿੰਗ ਬੱਲੀਏ

ਦੀਦਾਰ ਸੰਧੂ ਵਿੱਚ ਇਹ ਕਲਾ ਸੀ ਕਿ ਉਹ ਗੀਤਾਂ ਵਿੱਚ ਮੁਹਾਵਰੇ ਫਿੱਟ ਕਰ ਦਿੰਦਾ ਸੀ। ਗੀਤ ਲਿਖਦਾ ਲਿਖਦਾ ਹੀ ਬਾਤਾਂ ਪਾ ਜਾਂਦਾ ਸੀ।

'ਕਿੱਥੇ ਰਾਜਾ ਭੋਜ, ਕਿੱਥੋ ਗੰਗੂ ਤੇਲੀ ਜਾਤ ਦਾ
ਪੈ ਗਿਆ ਫਰਕ ਬਿੱਲੋ, ਦਿਨ ਅਤੇ ਰਾਤ ਦਾ
*ਇਕ ਕੁੜੀ ਦੀ ਚੀਜ਼ ਗੁਆਚੀ? ਕਿਹਾ ਮੈਂ ਗਲੀ ਮੁਹੱਲੇ
ਅੱਜ ਲੈ ਲੋ, ਭਲਕੇ ਲੈ ਲੋ, ਪਰਸੋਂ ਖੂਹ ਦੇ ਥੱਲੇ

ਉਸ ਨੇ ਮੁਟਿਆਰਾਂ ਦਾ ਦੁੱਖ ਲਿਖ ਕੇ ਇਕੱਲੇ ਨੇ ਪੇਸ਼ ਕੀਤਾ, ਜੋ ਉਹ ਹਰ ਸਟੇਜ 'ਤੇ ਜ਼ਰੂਰ ਗਾਉਂਦਾ ਸੀ:

ਤੜਕੇ ਉਠ ਚੱਕੀ ਝੋ ਲੈਂਦੀ
ਦੁੱਧ ਰਿੜਕ ਕੇ ਧਾਰਾਂ ਚੋ ਲੈਂਦੀ
ਮੱਥੇ ਵੱਟ ਪਾਏ ਬਿਨਾਂ ਮੈਂ
ਸਿਰ 'ਤੇ ਕੂੜਾ ਢੋਅ ਲੈਂਦੀ
ਥੱਕ ਟੁੱਟ ਹੋਈ ਚੂਰ
ਵੇ ਨਾ ਮਾਰ ਜ਼ਾਲਮਾਂ ਵੇ
ਪੇਕੇ ਤੱਤੜੀ ਦੇ ਦੂਰ
*ਰਾਤ ਪਈ, ਅੱਧੀ ਗਈ ਤੇ ਅਖੀਰ ਮੁੱਕ ਗਈ
ਮੇਰੀ ਮਾਹੀ-ਮਾਹੀ ਕਹਿੰਦੀ ਦੀ ਜ਼ੁਬਾਨ ਸੁੱਕ ਗਈ

ਉਸਦੀ ਯਾਰੀ ਫੋਟੋ ਵਿੱਚ ਗੱਡੇ ਕਿੱਲ ਵਰਗੀ ਸੀ। ਉਂਜ ਤਾਂ ਭਾਵੇਂ ਉਸ ਦੇ ਹੋਰ ਵੀ ਬਹੁਤ ਯਾਰ ਸਨ, ਪਰ ਉਹ ਕੁੰਦਨ ਨਾਲ ਯਾਰੀ ਉਮਰ ਭਰ ਲਈ ਨਿਭਾ ਗਿਆ। ਕੁੰਦਨ ਸਾਡੇ ਪਿੰਡ ਮੁੱਲਾਂਪੁਰ ਦਾ ਸੀ। ਉਹ ਕੱਬਡੀ ਦਾ ਖਿਡਾਰੀ ਸੀ। ਭਰੋਵਾਲ ਨੂੰ ਜਾਣ ਵੇਲੇ ਰਸਤੇ ਵਿੱਚ ਪਿੰਡ ਮੁੱਲਾਂਪੁਰ ਸੜਕ 'ਤੇ ਕੁੰਦਨ ਦਾ ਘਰ ਸੀ। ਰੋਜ਼ ਦੀਦਾਰ ਸੰਧੂ ਨੇ ਆਉਂਦੇ ਜਾਂਦੇ ਉਸ ਨੂੰ ਮਿਲ ਕੇ ਜਾਣਾ। ਕੁੰਦਨ ਦੇ ਪਿਤਾ ਦਾ ਨਾਮ ਕਪੂਰਾ ਸੀ। ਦੋਵਾਂ ਦਾ ਨਾਮ ਗੀਤਾਂ ਵਿੱਚ ਪਾ ਦਿੱਤਾ:

ਕੰਧ ਉਤੋਂ ਦੀ ਤਾੜਦਾ ਤੈਨੂੰ
ਕੁੰਦਨ ਕਪੂਰੇ ਦਾ ਹੱਸ ਕੇ

ਦੀਦਾਰ ਸੰਧੂ ਦੇ ਲਿਖੇ ਗੀਤ ਮੁਹੰਮਦ ਸਦੀਕ, ਰਣਜੀਤ ਕੌਰ, ਰਮੇਸ਼ ਰੰਗੀਲਾ, ਸਦੇਸ਼ ਕਪੂਰ, ਬੀਰ ਚੰਦ ਗੋਪੀ, ਨਰਿੰਦਰ ਬੀਬਾ, ਪ੍ਰੋਮਿਲਾ ਪੰਮੀ, ਕਰਨੈਲ ਗਿੱਲ, ਸਵਰਨ ਲਤਾ, ਪ੍ਰੀਤੀ ਬਾਲਾ ਆਦਿ ਨੇ ਗਾਏ। ਉਸ ਨੇ ਕਈ ਗਾਇਕਾਵਾਂ ਨਾਲ ਗਾਇਆ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਗੀਤ ਸਨੇਹ ਲਤਾ, ਸੁਰਿੰਦਰ ਕੌਰ, ਕੁਲਦੀਪ ਕੌਰ ਅਤੇ ਅਮਰ ਨੂਰੀ ਨਾਲ ਰਿਕਾਰਡ ਕਰਵਾਏ। ਪਰਮਿੰਦਰ ਸੰਧੂ, ਬਲਜੀਤ ਬੱਲੀ, ਸੁਖਵੰਤ ਕੌਰ ਤੇ ਸੁਸ਼ਮਾ ਆਦਿ ਨਾਲ ਵੀ ਗਾਇਆ। ਇਨ੍ਹਾਂ ਨਾਲ ਬਾਕੀਆਂ ਨਾਲੋਂ ਘੱਟ ਗੀਤ ਰਿਕਾਰਡ ਕਰਵਾਏ। ਉਹ ਦੁਨੀਆ ਤੋਂ ਰੁਖਸਤ ਹੁੰਦਾ ਹੋਇਆ ਗੀਤਾਂ ਦੀ ਇਕ ਕੈਸਿਟ ਅਧੂਰੀ ਛੱਡ ਗਿਆ। ਉਸ ਦੇ ਚਾਰ ਗੀਤ ਰਿਕਾਰਡ ਕਰਵਾ ਦਿੱਤੇ ਸਨ ਤੇ ਚਾਰ ਬਾਕੀ ਸਨ। ਬਾਅਦ ਵਿੱਚ ਕੰਪਨੀ ਨੇ ਉਹ ਕੈਸਿਟ ਪੂਰੀ ਕਰਨ ਦੀ ਡਿਊਟੀ ਮੁਹੰਮਦ ਸਦੀਕ ਦੀ ਲਾਈ, ਪਰ ਸਦੀਕ ਲਈ ਇਹ ਬਹੁਤ ਔਖਾ ਸੀ, ਕਿਉਂਕਿ ਗਾਇਕੀ ਦੀ ਪਿੜ ਵਿੱਚ ਉਸ ਦੇ ਹੱਥੀਂ ਲਾਇਆ ਬੂਟਾ ਸੁੱਕ ਗਿਆ ਸੀ।

ਦੀਦਾਰ ਸੰਧੂ ਦਾ ਜਨਮ ਤਿੰਨ ਜੁਲਾਈ 1942 ਨੂੰ ਅਣਵੰਡੇ ਪੰਜਾਬ ਦੇ ਸਰਗੋਧਾ ਜ਼ਿਲੇ ਦੇ ਚੱਕ ਨੰਬਰ 133 ਵਿਖੇ ਹੋਇਆ। ਦੋਵਾਂ ਦੇਸ਼ਾਂ ਦੀ ਵੰਡ ਹੋਣ ਸਮੇਂ ਇਹ ਪਰਵਾਰ ਚੜ੍ਹਦੇ ਪੰਜਾਬ ਵਿੱਚ ਜ਼ਿਲਾ ਲੁਧਿਆਣਾ ਦੇ ਪਿੰਡ ਬੋਤਲ ਵਾਲਾ ਆ ਵਸਿਆ, ਪਰ ਇਸ ਤੋਂ ਬਾਅਦ 1956 ਵਿੱਚ ਇਸੇ ਜ਼ਿਲੇ ਦੇ ਪਿੰਡ ਭਰੋਵਾਲ ਖੁਰਦ ਵਿਖੇ ਪੱਕੇ ਤੌਰ ਉੱਤੇ ਵੱਸ ਗਿਆ। ਦੀਦਾਰ ਨੇ ਸੱਤਵੀਂ ਤੱਕ ਦੀ ਪੜ੍ਹਾਈ ਜਗਰਾਉਂ ਸਕੂਲ ਤੋਂ ਅਤੇ ਬਾਕੀ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਬਰਸਾਲ ਤੋਂ ਕੀਤੀ। ਉਸ ਦਾ ਵਿਆਹ 1966 ਵਿੱਚ ਪਿੰਡ ਗਾਲਿਬ ਕਲਾਂ (ਜਗਰਾਉਂ ਨੇੜੇ) ਬੀਬੀ ਅਮਰਜੀਤ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ। ਬੇਟਾ ਜਗਮੋਹਨ ਸਿੰਘ ਤੇ ਬੇਟੀ ਦੀਪਾ। ਜਗਮੋਹਨ ਸਿੰਘ ਗਾਇਕੀ ਦੇ ਪਿੜ ਵਿੱਚ ਵਧੀਆ ਮੱਲਾਂ ਮਾਰ ਰਿਹਾ ਹੈ। ਉਹ ਤਿੰਨ ਵਾਰ ਸਰਬ ਸੰਮਤੀ ਨਾਲ ਪਿੰਡ ਦਾ ਸਰਪੰਚ ਬਣਿਆ। ਉਸ ਨੇ ਸਰਪੰਚ ਹੁੰਦਿਆਂ ਪਿੰਡ ਦਾ ਬਹੁਤ ਵਿਕਾਸ ਕਰਵਾਇਆ। ਜਦੋਂ ਉਸ ਦਾ ਦੇਹਾਂਤ ਹੋਇਆ ਤਾਂ ਉਸ ਸਮੇਂ ਵੀ ਉਹ ਪਿੰਡ ਦਾ ਸਰਪੰਚ ਸੀ। 16 ਫਰਵਰੀ 1991 ਨੂੰ ਉਹ 48 ਸਾਲ ਦੀ ਉਮਰ ਵਿੱਚ ਆਪਣੇ ਸਰੋਤਿਆਂ ਨਾਲੋਂ ਸਾਂਝ ਤੋੜ ਗਿਆ।

ਉਸ ਨੂੰ ਯਾਦ ਕਰਦਿਆਂ ਹਰ ਸਾਲ ਦੀਦਾਰ ਸੰਧੂ ਯਾਦਗਾਰੀ ਸੱਭਿਆਚਾਰਕ ਮੇਲਾ 21 ਨਵੰਬਰ ਨੂੰ ਕਰਵਾਇਆ ਜਾਂਦਾ ਹੈ। ਇਸ ਮੇਲੇ ਵਿੱਚ ਦੀਦਾਰ ਸੰਧੂ ਨੂੰ ਚਾਹੁਣ ਵਾਲੇ ਅਤੇ ਨਾਮਵਰ ਕਲਾਕਾਰ ਪਹੁੰਚਦੇ ਹਨ। ਭਰੋਵਾਲ ਖੁਰਦ ਵਿੱਚ ਦੀਦਾਰ ਸੰਧੂ ਯਾਦਗਾਰੀ ਲਾਇਬ੍ਰੇਰੀ ਵੀ ਬਣਾਈ ਹੋਈ ਹੈ।



# ਮਿੰਨੀ ਕਹਾਣੀਆਂ

## ਮੌਤ ਜਾਂ ਲਾਟਰੀ

-ਪ੍ਰਗਟ ਢਿੱਲੋਂ ਸਮਾਧ ਭਾਈ

ਮਿਹਨਤ ਮਜ਼ਦੂਰੀ ਕਰਨ ਵਾਲੇ ਦੌਲੀ ਦੇ ਘਰ ਛਿੰਦੀ ਤੇ ਮਿੰਦੀ ਤੋਂ ਇੱਕ ਸਾਲ ਬਾਅਦ ਟੀਟੂ ਨੇ ਜਨਮ ਲਿਆ ਸੀ। ਛਿੰਦੀ ਦਸਵੀਂ ਦੇ ਪੇਪਰ ਦੇਣ ਮਗਰੋਂ ਨਤੀਜਾ ਆਉਣ ਤੱਕ ਵਿਹਲੀ ਸੀ। ਉਸ ਨੇ ਆਪਣੀ ਮਾਂ ਅੱਗੇ ਨਾਨਕੇ ਜਾਣ ਦੀ ਮੰਗ ਰੱਖੀ। ਉਸ ਤੋਂ ਦੂਜੇ ਦਿਨ ਤੇਜੋ, ਛਿੰਦੀ ਨੂੰ ਲੈ ਕੇ ਪਿੰਡ ਵਾਲੇ ਜੀ ਟੀ ਰੋਡ 'ਤੇ ਬਣੇ ਬਸ ਅੱਡੇ ਆ ਖੜੀ ਸੀ। ਸੀ। ਦੋ-ਤਿੰਨ ਮਿੰਟ ਬਾਅਦ ਬਸ ਆ ਗਈ। ਛਿੰਦੀ ਨੂੰ ਨਵੀਂ ਨਕੋਰ ਅਤੇ ਵੱਡੀ ਬਸ ਉੱਤੇ ਚੜ੍ਹਨ ਦਾ ਵਿਆਹ ਜਿੰਨਾ ਚਾਅ ਸੀ, ਪਰ ਉਸ ਵਿਚਾਰੀ ਨੂੰ ਵੀ ਪਤਾ ਸੀ ਕਿ ਇਹ ਬਸ ਤਾਂ ਉਸ ਨੂੰ ਨਾਨਕੀਂ ਲਿਜਾਣ ਦੀ ਬਜਾਏ ਧਰਮਰਾਜ ਦੀ ਕਚਹਿਰੀ ਲਿਜਾਏਗੀ।

ਗੱਲ ਉਹੀ ਹੋਈ ਜੋ ਕੁਦਰਤ ਨੂੰ ਮਨਜ਼ੂਰ ਸੀ। ਬਸ ਵਿੱਚ ਗੁੰਡਿਆਂ ਨੇ ਛਿੰਦੀ ਨਾਲ ਛੇੜਛਾੜ ਸ਼ੁਰੂ ਕਰ ਦਿੱਤੀ। ਜਦ ਛਿੰਦੀ ਨੇ ਗੁੰਡਿਆਂ ਦਾ ਵਿਰੋਧ ਤਾਂ ਉਸ ਦੀ ਮਾਂ ਤੇਜੋ ਨੇ ਵੀ ਗੁੰਡਿਆਂ ਨੂੰ ਗਾਲ੍ਹਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਬਸ ਵਿੱਚ ਹਫੜਾ ਦਫੜੀ ਮਚ ਗਈ ਤਾਂ ਗੁੰਡਿਆਂ ਨੇ ਤਾਕੀ ਵਿੱਚ ਖੜ੍ਹੀ ਛਿੰਦੀ ਨੂੰ ਚੱਲਦੀ ਬਸ ਵਿੱਚੋਂ ਧੱਕਾ ਦੇ ਦਿੱਤਾ। ਛਿੰਦੀ ਦੀ ਸੜਕ ਤੇ ਡਿੱਗਣ ਸਾਰ ਮੌਤ ਹੋ ਗਈ। ਗੁੰਡਾਗਰਦੀ ਕਰਨ ਵਾਲਿਆਂ 'ਤੇ ਪਰਚਾ ਦਰਜ ਹੋਇਆ, ਪਰ ਗਰੀਬ ਦੀ ਮੁੱਖ ਕਮਜ਼ੋਰੀ ਪੈਸਾ ਹੁੰਦਾ ਹੈ। ਪੈਸਾ ਵੱਡੇ ਵੱਡੇ ਤਪੱਸਵੀਆਂ ਦੀ ਤਪੱਸਿਆ ਭੰਗ ਕਰ ਦਿੰਦਾ ਹੈ, ਗਰੀਬ ਇਸ ਅੱਗੇ ਕਿਹੜੇ ਬਾਗ ਦੀ ਮੂਲੀ ਹਨ। ਬਸ ਮਾਲਕ ਉਚ ਘਰਾਣੇ ਵਾਲਿਆਂ ਨੇ ਆਪਣਾ ਸਿਆਸੀ ਅਕਸ ਖਰਾਬ ਹੋਣ ਤੋਂ ਡਰਦਿਆਂ ਤੀਹ ਲੱਖ ਰੁਪਏ ਦੇ ਕੇ ਕੇਸ ਵਿੱਚੋਂ ਬਿਆਨ ਮੁਕਰਨ ਲਈ ਦੌਲੀ ਦੇ ਪਰਵਾਰ ਨੂੰ ਮਨਾ ਲਿਆ। ਗਰੀਬ ਦੀਆਂ ਤੀਹ ਹਜ਼ਾਰ ਰੁਪਏ ਵੇਖ ਕੇ ਅੱਖਾਂ ਫੁੱਲ ਜਾਂਦੀਆਂ ਹਨ, ਇਹ ਫਿਰ ਤੀਹ ਲੱਖ ਸਨ। ਹੋਇਆ ਉਸੇ ਤਰ੍ਹਾਂ ਜਿਵੇਂ ਬਸ ਦੇ ਮਾਲਕ ਚਾਹੁੰਦੇ ਸਨ। ਕੇਸ ਵਿਚਲੇ ਸਾਰੇ ਮੁਲਜ਼ਮ ਬਰੀ ਹੋ ਗਏ।

ਦੌਲੀ ਦੇ ਪਰਵਾਰ ਨੇ ਚੰਗਾ ਘਰ ਪਾ ਕੇ ਸੱਤ-ਅੱਠ ਕਿੱਲੇ ਆਰਥਿਕ ਪੱਖੋਂ ਟੁੱਟੇ ਹੋਏ ਕਿਸਾਨਾਂ ਤੋਂ ਗਹਿਣੇ ਲੈ ਲਏ ਸਨ, ਜਿਸ ਨਾਲ ਦੌਲੀ ਦੇ ਪਰਵਾਰ ਨੂੰ ਚਾਰ ਲੱਖ ਠੇਕਾ ਆਉਣ ਲੱਗ ਪਿਆ ਸੀ। ਦੌਲੀ ਦੇ ਪਰਵਾਰ ਨੂੰ ਰੱਬ ਯਾਦ ਨਹੀਂ ਸੀ। ਅੱਜ ਕੋਲ ਬੈਠੇ ਦੌਲੀ ਦੇ ਲਾਡ ਬਾਡੀਆਂ ਕਰਦੇ ਉਸ ਦੇ ਪੁੱਤਰ ਟੀਟੂ ਨੇ ਕਿਹਾ, "ਭਾਪਾ ਜੀ ਜੇ ਕਿਤੇ ਛਿੰਦੀ ਵਾਂਗ ਆਪਣੀ ਮਿੰਦੀ ਵੀ ਮਰਜੇ ਤਾਂ ਆਪਣੇ ਕੋਲ 15 ਕਿੱਲੇ ਹੋ ਜਾਣਗੇ।"

ਦੌਲੀ ਦੇ ਗਿੱਚੀ ਖੁਰਕਦਿਆਂ ਨੀਵੀਂ ਜਿਹੀ ਪਾ ਕੇ ਕਿਹਾ, "ਸਹੁਰਿਆ, ਏਨੇ ਆਪਣੇ ਕਰਮ ਕਿੱਥੇ ਤੇਜ ਨੇ। ਨਾਲੇ ਹਰ ਵਾਰੀ ਲਾਟਰੀ ਨਹੀਂ ਨਿਕਲਦੀ।"

## ਧੀਆਂ ਅਤੇ ਧਰੇਕਾਂ

-ਵੀਰ ਸਿੰਘ ਥਿੰਦ

ਵਿਹੜੇ ਵਿੱਚ ਲੱਗੀ ਧਰੇਕ ਬੜੀ ਸੋਹਣੀ ਸੀ। ਇਹ ਕਈ ਸਾਲਾਂ ਤੋਂ ਛਾਂ ਦੇ ਨਾਲ-ਨਾਲ ਚਿੜੀਆਂ ਤੇ ਘੁੱਗੀਆਂ ਦੇ ਆਲ੍ਹਣਿਆਂ ਨੂੰ ਵੀ ਆਸਾਰਾ ਦੇ ਰਹੀ ਸੀ। ਘਰ ਦਾ ਜਵਾਨ ਮੁੰਡਾ ਕਾਰ ਮੋੜਨ ਲੱਗਾ ਤਾਂ ਕਿਤੇ ਬੇਧਿਆਨੀ ਵਿੱਚ ਡਾਹਣਾ ਕਾਰ ਨਾਲ ਖਹਿ ਗਿਆ। ਮੁੰਡਾ ਨਵੀਂ ਕਾਰ 'ਤੇ ਝਰੀਟਾਂ ਪਈਆਂ ਵੇਖ ਕੇ ਅੱਗ ਬਗੂਲਾ ਹੋ ਗਿਆ ਅਤੇ ਆਰ ਚੁੱਕ ਮੁੱਢ ਨੂੰ ਪਾ ਲਿਆ। ਛੋਟੀ ਕੁੜੀ ਭੱਜੀ ਆਈ ਅਤੇ ਰੋਕਣ ਲੱਗੀ, 'ਨਾ ਵੀਰੇ, ਕੀ ਕਰਨ ਲੱਗਿਐ?'

'ਪਾਸੇ ਹੋ ਜਾ, ਇਹ ਫਿਰ ਝਰੀਟਾਂ ਪਾਊ ਕਿਸੇ ਦਿਨ,' ਉਹ ਤੇਜ਼ੀ ਨਾਲ ਆਰਾ ਚਲਾਉਣ ਲੱਗਾ।

'ਨਾ ਵੀਰੇ, ਅੱਗੇ ਈ ਕਿੰਨੇ ਸਾਲਾਂ ਵਿੱਚ ਹੋਈ ਐ। ਨਾਲੇ ਕੱਪੜਿਆਂ ਵਾਲੀ ਤਾਰ ਕਿੱਥੇ ਬੰਨ੍ਹਾਂਗੇ? ਕਿੱਡੀ ਸੋਹਣੀ ਛਾਂ ਏ।' ਕੁੜੀ ਨੇ ਤਰਲਾ ਜਿਹਾ ਪਾ ਕੇ ਰੋਕਣ ਦੀ ਕੋਸ਼ਿਸ਼ ਕੀਤੀ।

'ਆਹੋ! ਛਾਂ ਏ ਇਹਦੀ! ਏ ਸੀ ਦੇ ਹੁੰਦਿਆਂ ਇਹਨੂੰ ਮੋਇਆਂ ਪੁੱਛਣਾਂ?' ਮੁੰਡਾ ਗੁੱਸੇ ਵਿੱਚ ਸੀ।

'ਨਾ ਵੀਰੇ, ਮੈਂ ਨੀਂ ਵੱਢਣ ਦੇਣੀ,' ਕੁੜੀ ਨੇ ਆਰਾ ਫੜ ਲਿਆ।

'ਤੂੰ ਪਰ੍ਹੇ ਹੋ ਜਾ, ਨਹੀਂ ਤਾਂ ਵਿਚੇ ਤੈਨੂੰ ਵੱਢ ਦੇਊ,' ਮੁੰਡੇ ਨੇ ਵੱਟ ਕੇ ਚਪੇੜ ਮਾਰੀ ਅਤੇ ਬੁੜਬੁੜ ਕਰਦਾ ਕਾਹਲੀ ਨਾਲ ਆਰਾ ਚਲਾਉਣ ਲੱਗਾ। ਕਾਰ 'ਤੇ ਪਈਆਂ ਝਰੀਟਾਂ ਦਾ ਗੁੱਸਾ ਉਸ ਨੇ ਛੋਟੀ ਭੈਣ 'ਤੇ ਉਤਾਰ ਦਿੱਤਾ ਸੀ। ਕੁੜੀ ਰੋਂਦੀ-ਰੋਂਦੀ ਇਕ ਖੂੰਜੇ ਜਾ ਬੈਠੀ।

'ਓ, ਕਾਹਦਾ ਰੌਲਾ ਪਾ ਰੱਖਿਐ?' ਅੰਦਰੋਂ ਭਾਪਾ ਕਾਹਲੀ ਨਾਲ ਬਾਹਰ ਆਇਆ।

'ਓ ਕੀ ਯਾਰ, ਅੱਗੇ ਵੀ ਇਕ ਦਿਨ ਗੱਡੀ ਨਾਲ ਲੱਗ ਗੀ, ਅੱਜ ਜਮ੍ਹਾਂ ਈ ਝਰੀਟਾਂ ਪਾ 'ਤੀਆਂ। ਅੱਜ ਮੈਂ ਯੱਭ ਈ ਮੁਕਾ ਦੇਣੈ,' ਮੁੰਡੇ ਦਾ ਗੁੱਸਾ ਹਾਲੇ ਵੀ ਠੰਢਾ ਨਹੀਂ ਸੀ ਹੋਇਆ।

'ਨਾ ਮੇਰਾ ਪੁੱਤ, ਰੁੱਖਾਂ ਨਾਲ ਤਾਂ ਸਾਡੀ ਜ਼ਿੰਦਗੀ ਐ। ਹਰੇ ਰੁੱਖ ਨਹੀਂ ਵੱਢੀਦੇ ਕਮਲਿਆ,' ਭਾਪਾ ਆਰਾ ਫੜ ਧੀ ਵੱਲ ਹੋ ਲਿਆ।

'ਕਾਹਨੂੰ ਯਾਰ, ਕਿਸੇ ਖੂੰਜੇ ਵਿੱਚ ਤਾਂ ਹੋਵੇ, ਵਿਚਾਲੇ ਤੂਤ ਗੱਡ ਰੱਖਿਐ,' ਮੁੰਡਾ ਪੂਰੀ ਤਰ੍ਹਾਂ ਖਿਝਿਆ ਪਿਆ ਸੀ।

'ਨਹੀਂ ਸੁਹਣਿਆਂ, ਧੀਆਂ ਅਤੇ ਧਰੇਕਾਂ ਤਾਂ ਵਿਹੜੇ ਵਿੱਚ ਹੀ ਚੰਗੀਆਂ ਲੱਗਦੀਆਂ ਨੇ, ਖੂੰਜਿਆਂ ਵਿੱਚ ਨਹੀਂ,' ਅਤੇ ਉਸ ਨੇ ਆਰਾ ਪਰ੍ਹਾਂ ਸੁੱਟ ਧੀ ਨੂੰ ਗਲ ਨਾਲ ਲਾ ਲਿਆ।


Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



## ਫਲਿੱਪਕਾਰਟ ਨੇ ਮੈਟ ਉੱਤੇ ਹਰਿਮੰਦਰ ਸਾਹਿਬ ਦੀ ਫੋਟੋ ਲਾ ਦਿੱਤੀ

ਜਲੰਧਰ, 5 ਫਰਵਰੀ (ਪੋਸਟ ਬਿਊਰੋ)- ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਦੀ ਆਨਲਾਈਨ ਵਿਕਰੀ ਕਰਨ ਵਾਲੀ ਕੰਪਨੀ ਫਲਿੱਪਕਾਰਟ ਨੇ ਮੈਟ ਉੱਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਤਸਵੀਰ ਛਾਪ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਕੰਪਨੀ ਵੱਲੋਂ 'ਲਾ ਵਰਵੇ ਮਲਟੀਕਲਰ ਨਾਈਲੋਨ ਰਨਰ' ਦੇ ਨਾਂਅ ਹੇਠ ਵਿਕਰੀ ਲਈ ਵੈਬਸਾਈਟ 'ਤੇ ਦਿਖਾਏ ਗਏ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਵਾਲੇ ਮੈਟ ਦੀ ਕੀਮਤ 649 ਰੁਪਏ ਰੱਖੀ ਗਈ ਤੇ ਗਾਹਕਾਂ ਨੂੰ 80 ਫੀਸਦੀ ਤੋਂ ਉਪਰ ਦੀ ਛੋਟ 'ਤੇ ਇਹ ਉਤਪਾਦ ਹਾਸਲ ਕਰਵਾਇਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਇਸ ਕੰਪਨੀ ਵੱਲੋਂ ਇਸ ਉਤਪਾਦ ਦੀ ਵਿਕਰੀ ਲਈ ਸਮਾਂ ਬੱਧ ਛੋਟ ਦੇ ਕੇ ਵੀ ਗਾਹਕਾਂ ਨੂੰ ਆਪਣੇ ਵੱਲ ਖਿੱਚਿਆ ਜਾ ਰਿਹਾ ਹੈ।

ਜ਼ਿਕਰ ਯੋਗ ਹੈ ਕਿ ਰੂਹਾਨੀਅਤ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਰੋਜ਼ਾਨਾ ਲੱਖਾਂ ਦੀ ਗਿਣਤੀ 'ਚ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਹਨ ਅਤੇ ਅਥਾਹ ਸ਼ਰਧਾ ਭਾਵਨਾ ਨਾਲ ਨਤ ਮਸਤਕ ਹੁੰਦੀਆਂ ਹਨ। ਏਦਾਂ ਦੀ ਘਟਨਾ ਵਾਪਰਦੀ ਹੈ ਤਾਂ ਸਿੱਖ ਭਾਈਚਾਰੇ 'ਚ ਰੋਹ ਪੈਦਾ ਹੋਣਾ ਸੁਭਾਵਿਕ ਹੈ।

## ਅਸ਼ਲੀਲ ਗੀਤਾਂ ਨੂੰ ਨੱਥ ਪਾਉਣਾ ਕੋਰਟ ਦਾ ਨਹੀਂ, ਲੋਕਾਂ ਦਾ ਕੰਮ

ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਅਸ਼ਲੀਲ ਤੇ ਮਹਿਲਾਵਾਂ ਬਾਰੇ ਮੰਦੀ ਸ਼ਬਦਾਵਲੀ ਵਾਲੇ ਗੀਤਾਂ 'ਤੇ ਨੱਥ ਪਾਉਣ ਦੇ ਕੇਸ ਦੀ ਸੁਣਵਾਈ ਮੌਕੇ ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੀ ਡਵੀਜ਼ਨ ਬੈਂਚ ਨੇ ਪਟੀਸ਼ਨਰ ਸਮੇਤ ਆਮ ਲੋਕਾਂ ਨੂੰ ਨਸੀਹਤ ਦਿੱਤੀ ਹੈ ਕਿ ਇਹ ਕੰਮ ਅਦਾਲਤਾਂ ਦਾ ਨਹੀਂ, ਆਮ ਲੋਕਾਂ ਦਾ ਹੈ। ਜੱਜ ਸਾਹਿਬਾਨ ਨੇ ਕਿਹਾ ਕਿ ਜੇ ਆਮ ਲੋਕ ਅਜਿਹੇ ਗੀਤ ਸੁਣਨੇ ਬੰਦ ਕਰ ਦੇਣ ਅਤੇ ਅਜਿਹੇ ਗੀਤਾਂ ਦਾ ਵਿਰੋਧ ਕਰਨ ਤਾਂ ਆਪਣੇ ਆਪ ਅਜਿਹੇ ਗੀਤ ਆਉਣੇ ਬੰਦ ਹੋ ਜਾਣਗੇ। ਉਨ੍ਹਾ ਕਿਹਾ ਕਿ ਆਮ ਤੌਰ 'ਤੇ ਜਿਹੜੇ ਲੋਕ ਵਿਆਹ ਸ਼ਾਦੀਆਂ 'ਤੇ ਅਜਿਹੇ ਗੀਤ ਸੁਣਦੇ ਹਨ, ਉਹੀ ਆ ਕੇ ਹਾਈ ਕੋਰਟ 'ਚ ਇਨ੍ਹਾਂ ਗੀਤਾਂ ਦਾ ਵਿਰੋਧ ਕਰਦੇ ਹਨ ਅਤੇ ਇਹ ਹਾਈ ਕੋਰਟ ਦਾ ਕੰਮ ਨਹੀਂ ਕਿ ਉਹ ਅਸ਼ਲੀਲ ਗੀਤਾਂ 'ਤੇ ਕਾਬੂ ਪਾਵੇ ਜਾਂ ਹਦਾਇਤ ਦੇ ਸਕੇ, ਸਗੋਂ ਇਹ ਸਮਾਜਿਕ ਮੁੱਦਾ ਹੈ ਤੇ ਆਮ ਵਿਅਕਤੀ ਹੀ ਇਸ ਨੂੰ ਆਪਣੇ ਪੱਧਰ 'ਤੇ ਹੱਲ ਕਰ ਸਕਦਾ ਹੈ।

## ਸਹਾਰਨਪੁਰ ਤੋਂ ਨਸ਼ੇ ਦੇ ਟੀਕੇ ਵੇਚਣ ਆਏ ਦੋ ਜਣੇ ਗ੍ਰਿਫਤਾਰ

ਜਲੰਧਰ, 5 ਫਰਵਰੀ (ਪੋਸਟ ਬਿਊਰੋ)- ਸਹਾਰਨਪੁਰ ਤੋਂ ਨਸ਼ੇ ਵਾਲੇ ਟੀਕੇ ਵੇਚਣ ਏਥੇ ਆਏ ਦੋ ਦੋਸਤਾਂ ਨੂੰ ਸੀ ਆਈ ਏ ਸਟਾਫ-2 ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਕੋਲੋਂ 180 ਨਸ਼ੇ ਵਾਲੇ ਟੀਕੇ ਬਰਾਮਦ ਹੋਏ ਹਨ। ਸੀ ਆਈ ਏ ਸਟਾਫ-2 ਨੇ ਦੋਵਾਂ ਨੂੰ ਬਾਈਕ 'ਤੇ ਜਾਂਦੇ ਹੋਏ ਫਿਲੌਰ ਕੋਲ ਸਤਲੁਜ ਦਰਿਆ ਦੇ ਪੁਲ ਤੋਂ ਕਾਬੂ ਕੀਤਾ ਹੈ।

ਡੀ ਐੱਸ ਪੀ ਇਨਵੈਸਟੀਗੇਸ਼ਨ ਲਖਬੀਰ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਰਛਪਾਲ ਸਿੰਘ ਨੇ ਪੁਲਸ ਟੀਮ ਨਾਲ ਮਿਲ ਕੇ ਸਤਲੁਜ ਦਰਿਆ 'ਤੇ ਨਾਕਾਬੰਦੀ ਕੀਤੀ ਸੀ। ਇਸ ਦੌਰਾਨ ਬਾਈਕ 'ਤੇ ਆ ਰਹੇ ਦੋ ਨੌਜਵਾਨਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਬਾਈਕ ਚਲਾ ਰਹੇ ਨੌਜਵਾਨਾਂ ਨੇ ਬਾਈਕ ਮੋੜਨ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਨੇ ਦੋਵਾਂ ਨੂੰ ਕਾਬੂ ਕਰ ਲਿਆ। ਤਲਾਸ਼ੀ ਲੈਣ 'ਤੇ ਦੋਵਾਂ ਕੋਲੋਂ 190-190 (ਕੁੱਲ 180) ਨਸ਼ੇ ਵਾਲੇ ਟੀਕੇ ਮਿਲੇ। ਫੜੇ ਗਏ ਨੌਜਵਾਨਾਂ ਦੀ ਪਛਾਣ ਸੰਦੀਪ ਪੁੱਤਰ ਪ੍ਰੇਮ ਚੰਦ ਤੇ ਵਿਕਾਸ ਪੁੱਤਰ ਜਗਦੀਸ਼ ਲਾਲ ਦੋਵੇਂ ਵਾਸੀ ਵਾਰਡ ਨੰਬਰ ਇੱਕ ਭੁਲੱਥ ਵਜੋਂ ਹੋਈ ਹੈ। ਦੋਵਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਇਨ੍ਹਾਂ ਦੋਵਾਂ ਦੇ ਖਿਲਾਫ ਥਾਣਾ ਕਰਤਾਰਪੁਰ ਵਿੱਚ ਐੱਨ ਡੀ ਪੀ ਐੱਸ ਐਕਟ ਦਾ ਕੇਸ ਪਹਿਲਾਂ ਵੀ ਦਰਜ ਹੈ।

## ਵਿਧਾਇਕ ਕੁਲਬੀਰ ਸਿੰਘ ਜ਼ੀਰਾ ਉਤੇ ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ ਲਾਏ ਗਏ

### * ਪ੍ਰੈਸ ਕਾਨਫਰੰਸ ਵਿੱਚ ਸਾਬਕਾ ਵਿਧਾਇਕ ਨੇ ਪੀੜਤ ਪੇਸ਼ ਕੀਤੇ

ਫਿਰੋਜ਼ਪੁਰ, 5 ਫਰਵਰੀ (ਪੋਸਟ ਬਿਊਰੋ)- ਸਾਬਕਾ ਕਾਂਗਰਸੀ ਵਿਧਾਇਕ ਨਰੇਸ਼ ਕਟਾਰੀਆ ਨੇ ਕੱਲ੍ਹ ਪ੍ਰੈਸ ਕਾਨਫਰੰਸ ਵਿੱਚ ਜ਼ੀਰਾ ਹਲਕੇ ਦੇ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਉਤੇ ਨਾਜਾਇਜ਼ ਰੇਤ ਮਾਈਨਿੰਗ, ਨਾਜਾਇਜ਼ ਨਸ਼ੇ ਦੇ ਧੰਦੇ ਤੇ ਲੋਕਾਂ ਦੀ ਜ਼ਮੀਨ ਹੜੱਪਣ ਵਰਗੇ ਸੰਗੀਨ ਦੋਸ਼ ਲਾਏ ਹਨ। ਕਟਾਰੀਆ ਨੇ ਕਿਹਾ ਕਿ ਇਸ ਵਿੱਚ ਕੁਲਬੀਰ ਸਿੰਘ ਦੇ ਪਿਤਾ ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਤੇ ਉਨ੍ਹਾਂ ਦੇ ਚਾਚਾ ਮਹਿੰਦਰਜੀਤ ਸਿੰਘ ਵੀ ਸ਼ਾਮਲ ਹਨ।



ਪ੍ਰੈਸ ਕਾਨਫਰੰਸ ਦੌਰਾਨ ਨਰੇਸ਼ ਕਟਾਰੀਆ ਪੀੜਤਾਂ ਨਾਲ।

ਇਸ ਸੰਬੰਧ ਵਿੱਚ ਨਰੇਸ਼ ਕਟਾਰੀਆ ਨੇ ਜ਼ੀਰਾ ਵਿਧਾਨ ਸਭਾ ਹਲਕੇ ਦੇ ਕੁਝ ਪੀੜਤ ਲੋਕ ਨਾਲ ਲੈ ਕੇ ਫਿਰੋਜ਼ਪੁਰ ਵਿੱਚ ਪ੍ਰੈਸ ਕਾਨਫਰੰਸ ਕੀਤੀ ਤਾਂ ਪੀੜਤ ਲੋਕਾਂ ਨੇ ਮੀਡੀਆ ਨੂੰ ਹੱਡਬੀਤੀ ਦੱਸੀ। ਪੀੜਤ ਬਲਵੰਤ ਸਿੰਘ ਉਰਫ ਮਹਿਕ ਨੇ ਦੱਸਿਆ ਕਿ ਉਸ ਦੀ ਜ਼ਮੀਨ ਉਤੇ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਅਤੇ ਉਨ੍ਹਾਂ ਦੇ ਚਾਚਾ ਮਹਿੰਦਰਜੀਤ ਸਿੰਘ ਧੱਕੇ ਨਾਲ ਕਬਜ਼ਾ ਕਰਨਾ ਚਾਹੁੰਦੇ ਹਨ ਅਤੇ ਵਿਰੋਧ ਕਰਨ 'ਤੇ ਪੂਰੇ ਪਰਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਰਹੇ ਹਨ। ਉਹ ਪੁਲਸ ਕੋਲ ਵੀ ਗਏ, ਪਰ ਉਨ੍ਹਾਂ ਨੂੰ ਇਨਸਾਫ ਨਹੀਂ ਮਿਲ ਰਿਹਾ। ਉਨ੍ਹਾਂ ਦੀ ਉਮਰ 67 ਸਾਲ ਹੈ ਅਤੇ ਉਨ੍ਹਾਂ ਦੇ ਦੋਸਤ ਦੀ ਉਮਰ 70 ਸਾਲ ਹੈ। ਦੋਵਾਂ ਉੱਤੇ ਕੁਲਬੀਰ ਦੇ ਕਹਿਣ 'ਤੇ ਬਲਾਤਕਾਰ ਦਾ ਝੂਠਾ ਕੇਸ ਦਰਜ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ।

ਇੱਕ ਹੋਰ ਪੀੜਤ ਸਵਰਣ ਸਿੰਘ ਨੇ ਦੱਸਿਆ ਕਿ ਪਿੰਡ ਨਿਜਾਮੁਦਦੀਨ ਵਿੱਚ ਉਸ ਦੀ ਸੱਤ ਏਕੜ ਜ਼ਮੀਨ ਨੂੰ ਇਸ ਵੇਲੇ ਵਿਧਾਇਕ ਕੁਲਬੀਰ ਹੜੱਪਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਹਾਈ ਕੋਰਟ ਵੀ ਗਏ, ਪਰ ਕੋਰਟ ਦੇ ਹੁਕਮਾਂ ਦਾ ਵੀ ਪਾਲਣ ਨਹੀਂ ਹੋ ਰਿਹਾ। ਜੇ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ ਤਾਂ ਉਨ੍ਹਾਂ ਦਾ ਪੂਰਾ ਪਰਵਾਰ ਖੁਦਕੁਸ਼ੀ ਕਰਨ ਲਈ ਮਜ਼ਬੂਰ ਹੋਵੇਗਾ, ਜਿਸ ਦੇ ਜ਼ਿੰਮੇਵਾਰ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਤੇ ਉਸ ਦੇ ਪਰਵਾਰ ਦੇ ਲੋਕ ਹੋਣਗੇ।

ਪੰਜਾਬ ਪੁਲਸ ਦੇ ਸਾਬਕਾ ਸਬ ਇੰਸਪੈਕਟਰ ਕਰਨੈਲ ਸਿੰਘ ਅਤੇ ਉਨ੍ਹਾਂ ਦੇ ਬੇਟੇ ਰਣਵੀਰ ਸਿੰਘ ਨੇ ਦੱਸਿਆ ਕਿ ਉਹ ਸਾਬਕਾ ਵਿਧਾਇਕ ਕਟਾਰੀਆ ਨਾਲ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਵਧਾਈ ਦੇਣ ਚੰਡੀਗੜ੍ਹ ਗਏ ਸਨ ਤਾਂ ਪਿੱਛੋਂ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੇ ਇਸ਼ਾਰੇ 'ਤੇ ਉਨ੍ਹਾਂ ਉਪਰ ਇਰਾਦਾ-ਕਤਲ ਦਾ ਕੇਸ ਦਰਜ ਕਰ ਦਿੱਤਾ ਗਿਆ। ਪੀੜਤ ਕੰਤੋੜ ਸਿੰਘ ਨੇ ਦੱਸਿਆ ਕਿ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੇ ਇਸ਼ਾਰੇ ਉੱਤੇ ਬੀ ਡੀ ਪੀ ਓ ਦਫਤਰ ਦੇ ਅਧਿਕਾਰੀਆਂ ਨੇ ਕੁਝ ਸਰਪੰਚਾਂ ਅਤੇ ਮ੍ਰਿਤਕ ਸਰਪੰਚਾਂ ਦੇ ਜਾਅਲੀ ਦਸਤਖਤ ਕਰਕੇ ਲਗਭਗ 52 ਲੱਖ ਰੁਪਏ ਖੁਰਦ ਬੁਰਦ ਕਰ ਲਏ ਹਨ। ਵਿਧਾਇਕ ਕਟਾਰੀਆ ਦੇ ਨਾਲ ਆਏ ਹੋਰ ਲੋਕਾਂ ਨੇ ਵੀ ਮੀਡੀਆ ਦੇ ਸਾਹਮਣੇ ਵਿਧਾਇਕ ਕੁਲਬੀਰ ਜ਼ੀਰਾ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਦੀ ਗੱਲ ਕਹੀ ਹੈ।

ਕਟਾਰੀਆ ਨੇ ਕਿਹਾ ਕਿ ਉਹ ਕਾਂਗਰਸੀ ਹਨ ਅਤੇ ਕਾਂਗਰਸੀ ਰਹਿਣਗੇ। ਉਨ੍ਹਾਂ ਕੋਲ ਪੀੜਤ ਲੋਕ ਆਏ, ਜਿਨ੍ਹਾਂ ਦੀ ਸੁਣਵਾਈ ਕਿਤੇ ਨਹੀਂ ਹੋ ਰਹੀ, ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਉਹ ਅੱਗੇ ਆਏ ਹਨ।

## ਹਾਈ ਕੋਰਟ ਨੇ ਪੰਜਾਬ ਪੁਲਸ ਵਿੱਚ ਆਊਟ ਆਫ ਟਰਮ ਪ੍ਰਮੋਸ਼ਨਾਂ ਦਾ ਰਿਕਾਰਡ ਮੰਗ ਲਿਆ


ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਪਿਛਲੇ ਦਸ ਸਾਲਾਂ ਵਿੱਚ ਪੰਜਾਬ ਪੁਲਸ ਵਿੱਚ ਆਊਟ ਆਫ ਟਰਨ ਪ੍ਰਮੋਸ਼ਨ ਦੇ ਕੇਸਾਂ ਡਿਟੇਲਸ ਮੰਗਦੇ ਹੋਏ ਪੰਜਾਬ ਹਰਿਆਣਾ ਹਾਈ ਕੋਰਟ ਨੇ ਇਸ ਬਾਰੇ ਪੰਜਾਬ ਸਰਕਾਰ ਨੂੰ ਦਸ ਦਿਨਾਂ ਵਿੱਚ ਜਵਾਬ ਦੇਣ ਨੂੰ ਕਿਹਾ ਹੈ, ਜਿਸ ਕਾਰਨ ਵਿਭਾਗ ਵਿੱਚ ਹਲਚਲ ਦੀ ਸਥਿਤੀ ਹੈ।




ਪੰਜਾਬ ਪੁਲਸ ਵਿੱਚ ਹੈੱਡ ਕਾਂਸਟੇਬਲ ਅਹੁਦੇ 'ਤੇ ਆਊਟ ਆਫ ਟਰਨ ਪ੍ਰਮੋਸ਼ਨ ਦੇ ਖਿਲਾਫ ਚਰਨਜੀਤ ਸਿੰਘ ਅਤੇ ਹੋਰਨਾਂ ਨੇ ਪਟੀਸ਼ਨ ਦਾਇਰ ਕੀਤੀ ਸੀ ਕਿ ਐਡੀਸ਼ਨਲ ਡੀ ਜੀ ਨੇ 15 ਅਪਰੈਲ 2013 ਦੇ ਹੁਕਮਾਂ ਵਿੱਚ ਹੈੱਡ ਕਾਂਸਟੇਬਲ ਦੇ ਅਹੁਦਿਆਂ 'ਤੇ ਆਊਟ ਆਫ ਟਰਨ ਪ੍ਰਮੋਸ਼ਨ ਦੇ ਦਿੱਤੀ, ਜਦ ਕਿ ਉਨ੍ਹਾਂ ਦੀ ਪ੍ਰਮੋਸ਼ਨ ਨੂੰ ਲਾਂਭੇ ਕਰ ਦਿੱਤਾ ਗਿਆ। ਇਸ ਬਾਰੇ ਪਟੀਸ਼ਨਰਾਂ ਨੇ ਕਿਹਾ ਕਿ ਹੈੱਡ ਕਾਂਸਟੇਬਲ ਵਜੋਂ ਆਊਟ ਆਫ ਟਰਨ ਪ੍ਰਮੋਸ਼ਨ ਦੇਣ ਲਈ ਜ਼ਿਕਰ ਯੋਗ ਸੇਵਾ ਨੂੰ ਆਧਾਰ ਬਣਾਇਆ ਗਿਆ, ਜਦ ਕਿ ਪ੍ਰਮੋਸ਼ਨ ਲੈਣ ਵਾਲੇ ਕਾਂਸਟੇਬਲਾਂ ਦੇ ਰਿਕਾਰਡ ਅਜਿਹੇ ਕੋਈ ਦੱਸਣ ਯੋਗ ਪ੍ਰਾਪਤੀ ਹੀ ਨਹੀਂ ਸੀ। ਇਸ ਤਰ੍ਹਾਂ ਸੀਨੀਅਰ ਪੁਲਸ ਅਫਸਰ ਦੱਸਣ ਯੋਗ ਸੇਵਾ ਦੇ ਆਧਾਰ 'ਤੇ ਆਊਟ ਆਫ ਟਰਨ ਤਰੱਕੀਆਂ ਦੇਣ ਦੇ ਆਪਣੇ ਅਧਿਕਾਰ ਨੂੰ ਮਰਜ਼ੀ ਨਾਲ ਵਰਤ ਰਹੇ ਹਨ।

## ਅੱਪਰ ਬਾਰੀ ਦੁਆਬ ਨਹਿਰ ਦਾ ਪਾਣੀ ਜ਼ਹਿਰੀਲਾ ਹੋ ਜਾਣ ਦੇ ਨਾਲ ਮੱਛੀਆਂ ਮਰੀਆਂ

ਗੁਰਦਾਸਪੁਰ, 5 ਫਰਵਰੀ (ਪੋਸਟ ਬਿਊਰੋ)- ਜ਼ਿਲ੍ਹਾ ਗੁਰਦਾਸਪੁਰ 'ਚੋਂ ਲੰਘਦੀ ਅੱਪਰ ਬਾਰੀ ਦੁਆਬ ਨਹਿਰ 'ਚ ਕੋਈ ਜ਼ਹਿਰੀਲਾ ਪਦਾਰਥ ਮਿਲਣ ਕਾਰਨ ਕੱਲ੍ਹ ਕਈ ਮੱਛੀਆਂ ਦੀ ਮੌਤ ਹੋਣ ਦੀ ਖਬਰ ਮਿਲੀ ਹੈ, ਜਿਸ ਦੇ ਬਾਅਦ ਪੁਲਸ ਨੇ ਪਾਣੀ ਜ਼ਹਿਰੀਲਾ ਕਰਨ ਵਾਲੇ ਵਿਅਕਤੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।



ਮਿਲੀ ਜਾਣਕਾਰੀ ਅਨੁਸਾਰ ਦੀਨਾਨਗਰ ਤੋਂ ਕੁਝ ਦੂਰ ਧਮਰਈ ਪਿੰਡ ਨੇੜੇ ਨਹਿਰ ਦੇ ਪੁਲ 'ਤੋਂ ਲੰਘ ਰਹੇ ਲੋਕਾਂ ਨੇ ਪਾਣੀ 'ਚ ਝੱਗ ਦੇਖੀ ਅਤੇ ਨਾਲ ਨਹਿਰ ਨੇੜਿਉਂ ਬਦਬੂ ਆਉਣ ਕਾਰਨ ਨੇੜੇ ਜਾ ਕੇ ਦੇਖਿਆ ਤਾਂ ਪਾਣੀ ਵਿੱਚ ਮੱਛੀਆਂ ਮਰੀਆਂ ਹੋਈਆਂ ਸਨ। ਇਸ ਨਹਿਰ ਵਿੱਚੋਂ ਤਿੱਬੜੀ ਪੁਲ ਤੱਕ ਮੱਛੀਆਂ ਕੱਢ ਕੇ ਵੇਚਣ ਦਾ ਠੇਕਾ ਲੈਣ ਵਾਲੇ ਜਤਿੰਦਰ ਕੁਮਾਰ ਅਤੇ ਰਮਨ ਦੱਤਾ ਨੇ ਦੱਸਿਆ ਕਿ ਉਹ ਨਹਿਰ ਦੇ ਇਸ ਹਿੱਸੇ 'ਚੋਂ ਮੱਛੀਆਂ ਕੱਢ ਕੇ ਵੇਚਦੇ ਹਨ। ਕੱਲ੍ਹ ਜਦੋਂ ਸਵੇਰੇ ਨਹਿਰ ਕੋਲ ਪਹੁੰਚੇ ਤਾਂ ਮੱਛੀਆਂ ਮਰੀਆਂ ਹੋਈਆਂ ਸਨ। ਇਸ ਦੇ ਬਾਅਦ ਪੁਲਸ ਅਧਿਕਾਰੀ ਅਤੇ ਸਿੰਚਾਈ ਵਿਭਾਗ ਦੇ ਐਕਸੀਅਨ ਜਗਦੀਸ਼ ਰਾਜ ਮੌਕੇ 'ਤੇ ਪਹੁੰਚ ਗਏ। ਠੇਕੇਦਾਰ ਨੇ ਦੱਸਿਆ ਕਿ ਅਣਗਿਣਤ ਮੱਛੀਆਂ ਮਰੀਆਂ ਮਿਲਣ ਕਾਰਨ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ ਹੈ। ਨਹਿਰ ਦਾ ਪਾਣੀ ਦੂਸ਼ਿਤ ਹੋਣ ਕਾਰਨ ਇਲਾਕੇ ਦੇ ਲੋਕਾਂ 'ਚ ਵੀ ਸਹਿਮ ਪਾਇਆ ਜਾ ਰਿਹਾ ਹੈ ਕਿ ਲੋਕ ਆਪਣੇ ਪਸ਼ੂਆਂ ਨੂੰ ਇਸੇ ਨਹਿਰ ਤੋਂ ਪਾਣੀ ਪਿਆਉਂਦੇ ਹਨ।

ਸਿੰਚਾਈ ਵਿਭਾਗ ਦੇ ਐਕਸੀਅਨ ਜਗਦੀਸ਼ ਰਾਜ ਨੇ ਕਿਹਾ ਕਿ ਪਾਣੀ ਵਿੱਚ ਝੱਗ ਦੇਖ ਕੇ ਲੋਕਾਂ ਨੇ ਸ਼ਿਕਾਇਤ ਕੀਤੀ ਸੀ ਜਿਸ ਦੇ ਬਾਅਦ ਉਨ੍ਹਾਂ ਨੇ ਤੁਰੰਤ ਮੌਕੇ 'ਤੇ ਖੁਦ ਪਹੁੰਚ ਕੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਾਣੀ ਵਿੱਚ ਕੋਈ ਵੀ ਮੱਛੀ ਨਹੀਂ ਮਰੀ ਅਤੇ ਪਾਣੀ 'ਚ ਝੱਗ ਦੇ ਕਈ ਕਾਰਨ ਹੋ ਸਕਦੇ ਹਨ। ਇਸ ਲਈ ਪਾਣੀ ਦਾ ਸੈਂਪਲ ਲੈ ਕੇ ਜਾਂਚ ਲਈ ਭੇਜ ਦਿੱਤਾ ਹੈ। ਥਾਣਾ ਦੀਨਾਨਗਰ ਦੇ ਮੁਖੀ ਨੇ ਕਿਹਾ ਕਿ ਕੋਈ ਮੱਛੀ ਮਰਨ ਦੀ ਪੁਸ਼ਟੀ ਨਹੀਂ ਹੋਈ, ਫਿਰ ਵੀ ਜੇ ਕੋਈ ਠੇਕੇਦਾਰ ਮੱਛੀਆਂ ਦੇ ਮਰਨ ਦਾ ਦਾਅਵਾ ਕਰਦਾ ਹੈ ਤਾਂ ਉਹ ਜਾਂਚ ਕਰ ਕੇ ਕਾਨੂੰਨੀ ਕਾਰਵਾਈ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਿੰਚਾਈ ਵਿਭਾਗ ਵੱਲੋਂ ਪਾਣੀ ਦੇ ਲਏ ਗਏ ਸੈਂਪਲ ਦੀ ਰਿਪੋਰਟ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ ਕਿ ਪਾਣੀ ਜ਼ਹਿਰੀਲਾ ਕਿਉਂ ਹੋਇਆ।

## ਸਾਬਕਾ ਸੈਕਟਰੀ ਦੇ ਮੁਤਾਬਕ ਸ਼੍ਰੋਮਣੀ ਕਮੇਟੀ ਦੀ ਕਾਰਜ ਪ੍ਰਣਾਲੀ ਨਿੱਘਰੀ

ਅੰਮ੍ਰਿਤਸਰ, 5 ਫਰਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਰੰਧਾਵਾ ਦੀ ਲਿਖੀ ਪੁਸਤਕ 'ਸਚੁ ਸੁਣਾਇਸੀ ਸਚ ਕੀ ਬੇਲਾ' ਕੱਲ੍ਹ ਜਾਰੀ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਲਿਖਿਆ ਹੈ ਕਿ ਇਸ ਸੰਸਥਾ ਦੀ ਕਾਰਜ ਪ੍ਰਣਾਲੀ ਵਿੱਚ ਨਿਘਾਰ ਆ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸਿਆਸੀ ਦਖਲ ਅੰਦਾਜ਼ੀ ਹੋਣ ਦਾ ਵੀ ਖੁਲਾਸਾ ਕੀਤਾ ਅਤੇ ਕਈ ਵੇਰਵੇ ਦਰਜ ਕੀਤੇ ਹਨ।

ਸਾਲ 1956 ਵਿੱਚ ਸ਼੍ਰੋਮਣੀ ਕਮੇਟੀ ਵਿੱਚ ਬਤੌਰ ਕਲਰਕ ਭਰਤੀ ਕੁਲਵੰਤ ਸਿੰਘ ਲਗਭਗ 44 ਸਾਲ ਦੀ ਸੇਵਾ ਮਗਰੋਂ ਸੈਕਟਰੀ ਵਜੋਂ ਸੇਵਾਮੁਕਤ ਹੋਏ। ਇਹ ਪੁਸਤਕ ਸਿੰਘ ਬ੍ਰਦਰਜ਼ ਨੇ ਪ੍ਰਕਾਸ਼ਿਤ ਕੀਤੀ ਹੈ ਤੇ ਇਸ ਪੁਸਤਕ ਨੂੰ ਉਨ੍ਹਾਂ ਗੁਰ-ਦੁਆਰਾ ਸੁਧਾਰ ਲਹਿਰ ਵਿੱਚ ਹਿੱਸਾ ਲੈਣ ਵਾਲੇ ਗੁਰਮੁਖਾਂ ਨੂੰ ਸਮਰਪਿਤ ਕੀਤਾ ਹੈ। ਇਸ ਵਿੱਚ ਉਨ੍ਹਾਂ ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਮੁਤਾਬਕ ਇਸ ਦੇ ਮੁਲਾਜ਼ਮਾਂ ਅਤੇ ਮੈਂਬਰਾਂ ਦੇ ਰਿਸ਼ਤੇਦਾਰਾਂ ਨੂੰ ਇਸ ਵਿੱਚ ਨੌਕਰੀ ਨਹੀਂ ਮਿਲ ਸਕਦੀ, ਪਰ 12 ਨਵੰਬਰ 2002 ਨੂੰ ਇਕ ਮਤੇ ਰਾਹੀਂ ਇਸ ਨਿਯਮ ਵਿੱਚ ਸੋਧ ਕਰਕੇ ਗੁਰਦੁ-ਆਰਾ ਪ੍ਰਬੰਧ ਨੂੰ ਭ੍ਰਿਸ਼ਟ ਕਰਨ ਦੀ ਨੀਂਹ ਰੱਖ ਦਿੱਤੀ ਗਈ ਸੀ। ਉਨ੍ਹਾਂ ਪਿਛਲੇ ਤੇ ਮੌਜੂਦਾ ਪ੍ਰਬੰਧ ਦੀ ਤੁਲਨਾ ਕਰ ਕੇ ਦੱਸਿਆ ਕਿ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਇਸ ਦੀ ਕਾਰ ਦੀ ਵਰਤੋਂ ਕਰਨ ਸਮੇਂ ਸੰਕੋਚ ਕੀਤਾ ਜਾਂਦਾ ਸੀ, ਪਰ ਅੱਜ ਛੋਟਾ ਅਧਿਕਾਰੀ ਵੀ ਖੁੱਲ੍ਹੇਆਮ ਇਹ ਦੁਰਵਰਤੋਂ ਕਰੀ ਜਾਂਦਾ ਹੈ। ਇਥੇ ਕੰਮ ਕਰਦੇ ਮੁਲਾਜ਼ਮਾਂ ਨੂੰ ਲੰਗਰ ਦੇਣ ਬਾਰੇ ਉਨ੍ਹਾਂ ਕਿਹਾ ਕਿ ਪਹਿਲਾਂ ਇਹ ਨਿਯਮ ਸੀ ਕਿ ਕਿਸੇ ਵੀ ਮੁਲਾਜ਼ਂ ਨੂੰ ਲੰਗਰ ਨਹੀਂ ਮਿਲਦਾ ਸੀ ਤੇ ਅਗਾਊਂ ਪ੍ਰਵਾਨਗੀ ਤਹਿਤ ਉਸ ਮੁਲਾਜ਼ਮ ਨੂੰ ਮਿਲਦਾ ਸੀ, ਜੋ ਇਥੇ ਪਰਵਾਰ ਬਿਨਾਂ ਇਕੱਲਾ ਰਹਿੰਦਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਅੱਜ ਕੱਲ੍ਹ ਹਰ ਮੁਲਾਜ਼ਮ ਇਥੇ ਸ਼ਰਧਾਲੂਆਂ ਲਈ ਬਣਦੇ ਲੰਗਰ ਦੀ ਵਰਤੋਂ ਕਰ ਰਿਹਾ ਹੈ।

## ਮੇਰੀ ਮਾਤਾ ਨੇ ਕਰਜ਼ਾ ਮੁਆਫੀ ਦੀ ਬੇਨਤੀ ਕਦੇ ਵੀ ਨਹੀਂ ਕੀਤੀ: ਮਨਤਾਰ ਬਰਾੜ



ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਕੋਟਕਪੂਰਾ ਦੇ ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੇ ਕਿਹਾ ਹੈ ਕਿ ਉਨ੍ਹਾਂ ਦੀ ਮਾਤਾ ਕਰਜ਼ਾ ਮੁਆਫੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ ਸੀ। ਇਸ ਲਈ ਉਨ੍ਹਾਂ ਦਾ ਨਾਮ ਕਰਜ਼ੇ ਦੀ ਮੁਆਫੀ ਵਾਲੀ ਲਿਸਟ ਵਿੱਚ ਪਾਉਣ ਵਾਲੇ ਅਫਸਰਾਂ ਅਤੇ ਆਗੂਆਂ ਉੱਤੇ ਕਾਰਵਾਈ ਕੀਤੀ ਜਾਵੇ। ਇਸ ਬਾਰੇ ਮਨਤਾਰ ਸਿੰਘ ਬਰਾੜ ਨੇ ਕਿਹਾ ਕਿ ਇਸ ਦੇ ਪਿੱਛੇ ਜੋ ਲੋਕ ਹਨ, ਉਨ੍ਹਾਂ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਮੇਰੀ ਮਾਤਾ ਮਨਜੀਤ ਕੌਰ ਦਾ ਨਾਮ ਲਾਭਪਾਤਰੀਆਂ ਵਿੱਚ ਪਾਇਆ ਸੀ, ਜਦ ਕਿ ਉਹ ਪੈਨਸ਼ਨ ਲੈ ਰਹੀ ਹੈ। ਉਨ੍ਹਾਂ ਦੀ ਮਾਤਾ ਨੇ ਨਾ ਕਦੇ ਇਸ ਸਕੀਮ ਲਈ ਅਰਜ਼ੀ ਦਿੱਤੀ ਅਤੇ ਨਾ ਇਸ ਮਕਸਦ ਦੇ ਲਈ ਜ਼ਰੂਰੀ ਐਫੀਡੇਵਿਟ ਦਿੱਤਾ ਸੀ। ਉਹ ਇਸ ਸਕੀਮ ਹੇਠ ਸਰਕਾਰ ਵੱਲੋਂ ਦਿੱਤਾ ਕੋਈ ਪੈਸਾ ਸਵੀਕਾਰ ਨਹੀਂ ਕਰੇਗੀ। ਸਾਡਾ ਪਰਵਾਰ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਉਹ ਪੂਰੀ ਕਰਜ਼ਾ ਮੁਆਫੀ ਸਕੀਮ ਲਾਗੂ ਕਰਨ ਤੋਂ ਬਚਣ ਲਈ ਇਹੋ ਜਿਹੇ ਹੱਥਕੰਡੇ ਨਾ ਅਪਣਾਏ, ਹੱਕਦਾਰ ਲਾਭਪਾਤਰੀਆਂ ਨੂੰ ਰਾਹਤ ਦੇਵੇ। ਇਹ ਸਾਰੀ ਘਟਨਾ ਅਕਾਲੀ ਦਲ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਉਹ ਇਸ ਬਾਰੇ ਮੁੱਖ ਮੰਤਰੀ ਨੂੰ ਲਿਖ ਕੇ ਜਾਂਚ ਦੀ ਮੰਗ ਕਰਨਗੇ ਅਤੇ ਇਸ ਵਿੱਚ ਫਰੀਦਕੋਟ ਕਾਂਗਰਸ ਦੇ ਨੇਤਾਵਾਂ ਦੀ ਜਾਂਚ ਹੋਣੀ ਚਾਹੀਦੀ ਹੈ, ਜਿਨ੍ਹਾਂ ਨੇ ਇਹ ਰੌਲਾ ਪਾਇਆ ਕਿ ਉਨ੍ਹਾਂ ਦੀ ਮਾਤਾ, ਜੋ ਉਨ੍ਹਾਂ ਦੇ ਪਿਤਾ ਸਾਬਕਾ ਵਿਧਾਇਕ ਮਰਹੂਮ ਜਸਵਿੰਦਰ ਸਿੰਘ ਬਰਾੜ ਦੀ ਪੈਨਸ਼ਨ ਲੈ ਰਹੀ ਹੈ, ਦਾ ਨਾਮ ਲਾਭ ਪਾਤਰੀਆਂ ਦੀ ਸੂਚੀ ਵਿੱਚ ਪਿਆ ਹੈ। ਬਰਾੜ ਨੇ ਕਿਹਾ ਕਿ ਕੁਝ ਹੋਰ ਅਕਾਲੀ ਨੇਤਾਵਾਂ ਨੇ ਵੀ ਉਨ੍ਹਾਂ ਨੂੰ ਦੱਸਿਆ ਹੈ ਕਿ ਉਨ੍ਹਾਂ ਦੀ ਜਾਣਕਾਰੀ ਦੇ ਬਿਨਾਂ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦਾ ਨਾਮ ਲਾਭਪਾਤਰੀਆਂ ਦੀ ਸੂਚੀ ਵਿੱਚ ਪਾਇਆ ਗਿਆ ਹੈ।











# ਸਵਿਸ ਬੈਂਕਾਂ ਨੇ ਨੋਟਿਸ ਭੇਜੇ, ਭਾਰਤੀ ਖਾਤੇਦਾਰ ਕਸੂਤੇ ਫਸੇ

ਮੁੰਬਈ, 5 ਫਰਵਰੀ (ਪੋਸਟ ਬਿਊਰੋ)- ਸਮੁੱਚੇ ਉਤਾਰ-ਚੜ੍ਹਾਅ ਹੋਣ ਤੋਂ ਪਿੱਛੋਂ ਐੱਚ ਐੱਸ ਬੀ ਸੀ ਜੈਨੇਵਾ ਦੇ ਭਾਰਤੀ ਗ੍ਰਾਹਕਾਂ ਦੇ ਸਵਿਸ ਅਕਾਊਂਟਸ ਦਾ ਕਿੱਸਾ ਆਖਰੀ ਦੌਰ ਵਿੱਚ ਪੁੱਜਦਾ ਦਿਸ ਰਿਹਾ ਹੈ। ਪਿਛਲੇ ਹਫਤੇ ਤੋਂ ਸਵਿਸ ਫੈਡਰਲ ਟੈਕਸ ਐਡਮਨਿਸਟਰੇਸ਼ਨ ਨੇ ਇਨ੍ਹਾਂ ਕਸਟਮਰਜ਼ ਨੂੰ ਲੈਟਰ ਭੇਜਣੇ ਸ਼ੁਰੂ ਕੀਤੇ ਹਨ। ਇਨ੍ਹਾਂ ਵਿੱਚ ਭਾਰਤੀ ਅਧਿਕਾਰੀਆਂ ਨੂੰ ਅਕਾਊਂਟਸ ਦੀ ਜਾਣਕਾਰੀ ਦੇਣ ਤੋਂ ਪਹਿਲਾਂ ਕਲਾਈਂਟਸ ਤੋਂ ਇਸ ਦੀ ਸਹਿਮਤੀ ਮੰਗੀ ਜਾ ਰਹੀ ਹੈ। ਸਵਿਟਜਰਲੈਂਡ ਦੇ ਕਾਨੂੰਨ ਵਿੱਚ ਇਹ ਸਹਿਮਤੀ ਲੈਣ ਦਾ ਪ੍ਰਬੰਧ ਹੈ।



ਇੱਕ ਜਾਣਕਾਰ ਸੂਤਰ ਨੇ ਦੱਸਿਆ ਕਿ ਘੱਟੋ ਘੱਟ ਚਾਰ ਲੋਕਾਂ ਨੂੰ ਸਵਿਸ ਐੱਫ ਟੀ ਏ ਵੱਲੋਂ ਲੈਟਰ ਮਿਲਿਆ ਹੈ। ਇਨ੍ਹਾਂ ਵਿੱਚ ਇੱਕ ਹੀਰਾ ਕਾਰੋਬਾਰੀ, ਇੱਕ ਹੋਲਸੇਲ ਟਰੇਡਰ ਤੇ ਮੱਧ ਦਰਜੇ ਦੀਆਂ ਮੈਨੂਫੈਕਚਰਿੰਗ ਕੰਪਨੀਆਂ ਨੂੰ ਸੰਭਾਲ ਰਹੇ ਲੋਕ ਸ਼ਾਮਲ ਹਨ। ਇਨ੍ਹਾਂ ਨੂੰ 10 ਦਿਨਾਂ ਵਿੱਚ ਜਵਾਬ ਦੇਣਾ ਪੈਣਾ ਹੈ, ਜਿਸ ਕਾਰਨ ਇਨ੍ਹਾਂ ਲਈ ਮਾਮਲਾ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਵਾਲਾ ਹੈ। ਵਿਦੇਸ਼ੀ ਖਾਤਿਆਂ ਨਾਲ ਜੁੜੇ ਕੇਸਾਂ ਦੇ ਮਾਹਰ ਇੱਕ ਵਿਅਕਤੀ ਨੇ ਕਿਹਾ ਕਿ ਦੇਰ ਸਵੇਰ ਜਾਣਕਾਰੀ ਭਾਰਤ ਆਵੇਗੀ ਹੀ, ਜੇ ਉਹ ਰਜ਼ਾਮੰਦੀ ਨਾਲ ਸਵਿਸ ਖਾਤਿਆਂ ਵਿੱਚ ਬੇਹਿਸਾਬੀ ਰਕਮ ਰੱਖਣ ਬਾਰੇ ਦੱਸ ਦੇਣ ਤਾਂ ਉਨ੍ਹਾਂ ਲਈ ਬਚਾਅ ਦੀ ਨੀਤੀ ਬਣਾਉਣਾ ਮੁਸ਼ਕਲ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੋਵੇਗਾ ਕਿ ਕੀ ਜਾਣਕਾਰੀ ਭਾਰਤ ਨਾਲ ਸਾਂਝੀ ਕੀਤੀ ਗਈ ਹੈ। ਸਹਿਮਤੀ ਦਿੱਤੇ ਜਾਣ 'ਤੇ ਡਾਟਾ ਤੁਰੰਤ ਇੰਡੀਆ ਦੇ ਟੈਕਸ ਵਿਭਾਗ ਤੇ ਕਸਟਮਰ ਨੂੰ ਦੇ ਦਿੱਤਾ ਜਾਵੇਗਾ। ਰਜ਼ਾਮੰਦੀ ਨਾ ਦੇਣ ਵਾਲੇ ਕਸਟਮਰਜ਼ ਬਾਰੇ ਜਾਣਕਾਰੀ ਵੀ ਇੱਕ ਸਮੇਂ ਬਾਅਦ ਸਵਿਸ ਆਫੀਸ਼ੀਅਲ ਗਜਟ ਵਿੱਚ ਦਰਜ ਹੋਣ ਤੋਂ ਬਾਅਦ ਸਾਂਝੀ ਕਰ ਦਿੱਤੀ ਜਾਵੇਗੀ। ਕਸਟਮਰ ਦੀ ਰਜ਼ਾਮੰਦੀ ਲੈਣ ਦੀ ਨੀਤੀ 1713 ਦੇ ਇੱਕ ਫੈਸਲੇ ਨਾਲ ਜੁੜੀ ਹੈ। ਉਸ ਵੇਲੇ ਗਰੇਟ ਕੌਂਸਲ ਆਫ ਜੈਨੇਵਾ ਨੇ ਬੈਂਕਾਂ ਨੂੰ ਕਲਾਈਂਟਸ ਦੀ ਜਾਣਕਾਰੀ ਦਾ ਖੁਲਾਸਾ ਕਰਨ ਤੋਂ ਰੋਕ ਦਿੱਤਾ ਸੀ। ਉਸ ਕੋਡ ਨੇ ਸਵਿਟਜ਼ਰਲੈਂਡ ਦੀ ਬੈਂਕਿੰਗ ਉਤੇ ਰਾਜ਼ਦਾਰੀ ਦਾ ਕਵਰ ਚੜ੍ਹਾ ਦਿੱਤਾ ਹੈ। ਜਿਨ੍ਹਾਂ ਭਾਰਤੀਆਂ ਨੇ ਪਹਿਲੀ ਅਪ੍ਰੈਲ 2011 ਤੋਂ ਪਹਿਲਾਂ ਆਪਣੇ ਅਕਾਊਂਟਸ ਨੂੰ ਬੰਦ ਕਰ ਦਿੱਤਾ ਸੀ, ਉਹ ਤਾਜ਼ਾ ਜਾਂਚ ਦੇ ਘੇਰੇ 'ਚ ਆਉਣੋਂ ਬਚ ਸਕਦੇ ਹਨ। ਸਵਿਟਜ਼ਰਲੈਂਡ ਤੇ ਭਾਰਤ ਵਿਚਾਲੇ ਸੂਚਨਾ ਸਾਂਝੇਦਾਰੀ ਦਾ ਸਮਝੌਤਾ ਲਾਗੂ ਹੋਣ ਦੀ ਤਰੀਕ ਤੋਂ ਪਹਿਲਾਂ ਜੋ ਅਕਾਊਂਟਸ ਬੰਦ ਹੋ ਗਏ ਹੋਣਗੇ, ਉਨ੍ਹਾਂ ਦੀ ਜਾਣਕਾਰੀ ਕੋਈ ਵੀ ਸਵਿਸ ਬੈਂਕ ਨਹੀਂ ਦੇਵੇਗਾ।

# ਖਜ਼ਾਨਾ ਮੰਤਰਾਲੇ ਵੱਲੋਂ ਕਾਲੇ ਧਨ ਦੀ ਰਿਪੋਰਟ ਜਾਰੀ ਕਰਨ ਤੋਂ ਇਨਕਾਰ

ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਨੇ ਭਾਰਤੀ ਲੋਕਾਂ ਵੱਲੋਂ ਦੇਸ਼ ਵਿੱਚ ਅਤੇ ਦੇਸ਼ ਦੇ ਬਾਹਰ ਜਮ੍ਹਾ ਕੀਤੇ ਕਾਲੇ ਧਨ ਬਾਰੇ ਤਿੰਨ ਰਿਪੋਰਟਾਂ ਨੂੰ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਇੱਕ ਆਰ ਟੀ ਆਈ ਦੇ ਜਵਾਬ ਵਿਚ ਮੰਤਰਾਲੇ ਦਾ ਕਹਿਣਾ ਹੈ ਕਿ ਪਾਰਲੀਮੈਂਟਰੀ ਕਮੇਟੀ ਇਨ੍ਹਾਂ ਰਿਪੋਰਟਾਂ ਦੀ ਜਾਂਚ ਕਰ ਰਹੀ ਹੈ। ਜੇ ਇਨ੍ਹਾਂ ਨੂੰ ਇਸ ਵੇਲੇ ਜਨਤਕ ਕੀਤਾ ਤਾਂ ਇਹ ਪਾਰਲੀਮੈਂਟ ਦੇ ਵਿਸ਼ੇਸ਼ ਅਧਿਕਾਰ ਦਾ ਉਲੰਘਣ ਹੋਵੇਗਾ। ਸਰਕਾਰ ਦੇ ਪਾਸ ਇਹ ਰਿਪੋਰਟ ਜਮ੍ਹਾ ਹੋਏ ਨੂੰ ਚਾਰ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਡਾ: ਮਨਮੋਹਨ ਸਿੰਘ ਦੀ ਯੂ ਪੀ ਏ ਸਰਕਾਰ ਨੇ 2011 ਵਿੱਚ ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਫਾਈਨਾਂਸ ਐਂਡ ਪਾਲਿਸੀ (ਐੱਨ ਆਈ ਪੀ ਐੱਫ ਪੀ), ਨੈਸ਼ਨਲ ਕੌਂਸਲ ਆਫ ਅਪਲਾਈਡ ਇਕੋਨਾਮਿਕ ਰਿਸਰਚ (ਐੱਨ ਸੀ ਏ ਈ ਆਰ) ਅਤੇ ਨੈਸ਼ਨਲ ਇੰਸਟੀਚਿਊਟ ਆਫ ਫਾਈਨੈਂਸ਼ੀਅਲ ਮੈਨੇਜਮੈਂਟ (ਏ ਆਈ ਐੱਫ ਐੱਮ) ਨੂੰ ਕਾਲੇ ਧਨ ਦਾ ਪਤਾ ਲਾਉਣ ਨੂੰ ਕਿਹਾ ਸੀ। ਵਿੱਤ ਮੰਤਰਾਲੇ ਨੇ ਦੱਸਿਆ ਕਿ ਏ ਆਈ ਪੀ ਐੱਫ ਪੀ, ਐੱਨ ਸੀ ਏ ਈ ਆਰ ਅਤੇ ਐਨ ਆਈ ਐੱਫ ਐੱਮ ਦੀ ਰਿਪੋਰਟ 20 ਦਸੰਬਰ 2013, 18 ਜੁਲਾਈ 2014 ਅਤੇ 21 ਅਗਸਤ 2014 ਨੂੰ ਮਿਲ ਗਈ ਸੀ। ਰਿਪੋਰਟ ਅਤੇ ਸਰਕਾਰ ਦੀ ਪ੍ਰਤੀਕਿਰਿਆ ਵਿੱਤੀ ਮਾਮਲਿਆਂ ਬਾਰੇ ਸਟੈਂਡਿੰਗ ਕਮੇਟੀ ਕੋਲ ਪੇਸ਼ ਕਰਨ ਲਈ ਲੋਕ ਸਭਾ ਸਕੱਤਰੇਤ ਨੂੰ ਸੌਂਪ ਦਿੱਤੇ ਗਏ ਸਨ। ਲੋਕ ਸਭਾ ਸਕੱਤਰੇਤ ਨੇ ਕਿਹਾ ਕਿ ਉਸ ਨੇ ਇਨ੍ਹਾਂ ਦੀ ਜਾਂਚ ਲਈ ਇਨ੍ਹਾਂ ਨੂੰ ਸਥਾਈ ਕਮੇਟੀ ਅੱਗੇ ਰੱਖ ਦਿੱਤਾ ਹੈ। ਵਿੱਤ ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਰਿਪੋਰਟਾਂ ਦੀ ਕਾਪੀ ਜਨਤਕ ਨਹੀਂ ਕੀਤਾ ਜਾ ਸਕਦੀ, ਸੂਚਨਾ ਅਧਿਕਾਰ ਦੇ ਕਾਨੂੰਨ ਦੀ ਧਾਰਾ 8 (1) (ਸੀ) ਦੇ ਤਹਿਤ ਇਸ ਨਾਲ ਜੁੜੀ ਸੂਚਨਾ ਨਾ ਦੇਣ ਦੀ ਛੋਟ ਦਾ ਨਿਯਮ ਲਾਗੂ ਹੈ।



## ਪਰਵਾਸੀ ਲਾੜਿਆਂ ਤੋਂ ਦੁਖੀ ਮੁਟਿਆਰਾਂ ਵੱਲੋਂ ਦਿੱਲੀ 'ਚ ਪ੍ਰਦਰਸ਼ਨ

ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਪਰਵਾਸੀ ਲਾੜਿਆਂ ਤੋਂ ਤੰਗ ਆਈ ਮੁਟਿਆਰਾਂ ਨੇ ਦਿੱਲੀ ਵਿੱਚ ਪ੍ਰਦਰਸ਼ਨ ਕਰ ਕੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪਤੀਆਂ ਨੂੰ ਵਾਪਸ ਭਾਰਤ ਲਿਆਂਦਾ ਜਾਵੇ। ਇਸ ਦੇ ਨਾਲ ਉਨ੍ਹਾਂ ਨੇ ਮੰਗ ਕੀਤੀ ਕਿ ਮੁਸੀਬਤ ਮਾਰੀਆਂ ਇਨ੍ਹਾਂ ਮੁਟਿਆਰਾਂ ਨੂੰ ਰੁਜ਼ਗਾਰ ਦੇ ਮੌਕੇ ਦੇ ਕੇ ਮਦਦ ਕੀਤੀ ਜਾਵੇ।

ਕੱਲ੍ਹ ਸੋਮਵਾਰ ਇਨ੍ਹਾਂ ਮੁਟਿਆਰਾਂ ਨੇ ਦਿੱਲੀ ਦੇ ਜੰਤਰ ਮੰਤਰ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਦੱਸਿਆ ਕਿ ਉਨ੍ਹਾਂ ਦੇ ਵਿਆਹਾਂ ਮਗਰੋਂ ਮਾਪੇ ਉਨ੍ਹਾਂ ਦੇ ਨਾਂ ਰਾਸ਼ਨ ਕਾਰਡ ਤੋਂ ਕੱਟ ਦਿੰਦੇ ਹਨ ਤੇ ਜਦੋਂ ਪਰਵਾਸੀ ਲਾੜੇ ਨਹੀਂ ਮੁੜਦੇ ਤਾਂ ਸਹੁਰੇ ਪਰਵਾਰ ਬੇਦਖਲੀ ਦਾ ਨਾਟਕ ਰਚ ਕੇ ਲਾੜਿਆਂ ਨੂੰ ਕੀਮਤੀ ਜਾਇਦਾਦ ਤੋਂ ਬੇਦਖਲ ਕਰ ਦੇਣ ਸਮੇਤ ਪਤਨੀਆਂ ਦੇ ਨਾਂ ਵੀ ਰਾਸ਼ਨ ਕਾਰਡਾਂ ਤੋਂ ਕੱਟਵਾ ਦਿੰਦੇ ਹਨ। ਇਸ ਤਰ੍ਹਾਂ ਉਹ ਇਸ ਦੇਸ਼ ਦੀਆਂ ਨਾਗਰਿਕ ਵੀ ਨਹੀਂ ਰਹਿ ਜਾਂਦੀਆਂ। ਲੁਧਿਆਣਾ ਦੇ ਇਕ ਪਿੰਡ ਦੀ ਸਤਵਿੰਦਰ ਕੌਰ ਨੇ ਦੱਸਿਆ ਕਿ ਪਿਛਲੇ 9 ਸਾਲ ਤੋਂ ਉਸ ਦਾ ਪਤੀ ਬਹਿਰੀਨ ਵਿੱਚ ਹੈ। ਉਹ ਵਿਆਹ ਮਗਰੋਂ ਭਾਰਤ ਨਹੀਂ ਪਰਤਿਆ। ਇਸ ਪ੍ਰਦਰਸ਼ਨ ਦੌਰਾਨ ਕਰੀਬ 20 ਤੋਂ ਵੱਧ ਕੁੜੀਆਂ ਪੰਜਾਬ ਤੋਂ, ਚਾਰ-ਚਾਰ ਕੁੜੀਆਂ ਜੰਮੂ ਅਤੇ ਦਿੱਲੀ ਤੋਂ ਅਤੇ ਇਸ ਦੇ ਨਾਲ ਬਾਕੀ ਰਾਜਾਂ ਤੋਂ ਵੀ ਪੀੜਤ ਮੁਟਿਆਰਾਂ ਸ਼ਾਮਲ ਹੋਈਆਂ ਹਨ। ਇਨ੍ਹਾਂ ਕੁੜੀਆਂ ਨੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪਤੀਆਂ ਦੇ ਪਾਸਪੋਰਟ ਰੱਦ ਕਰ ਕੇ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਮਿਲਦੀਆਂ ਸਹੂਲਤਾਂ ਖੋਹੀਆਂ ਜਾਣ ਅਤੇ ਵਾਪਸ ਭਾਰਤ ਲਿਆ ਕੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਘਰ ਨੂੰ ਅੱਗ ਲਾਈ, ਚਾਰ ਮੌਤਾਂ

ਮਾਲਦਾ, 5 ਫਰਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਵਿੱਚ ਛੋਟੇ ਭਰਾ ਨੂੰ ਸਰਕਾਰੀ ਨੌਕਰੀ ਮਿਲਣ ਤੋਂ ਖਫਾ 30 ਸਾਲਾ ਸ਼ਖਸ ਨੇ ਘਰ ਦੇ ਦੋ ਕਮਰਿਆਂ ਵਿੱਚ ਅੱਗ ਲਾ ਦਿੱਤੀ ਜਿਸ ਕਾਰਨ ਪਰਵਾਰ ਦੇ ਚਾਰ ਜੀਆਂ ਦੀ ਮੌਤ ਹੋ ਗਈ ਅਤੇ ਚਾਰ ਜ਼ਖਮੀ ਹੋ ਗਏ। ਪੁਲਸ ਦੇ ਮੁਤਾਬਕ ਘਟਨਾ ਮਦਨਟੋਲਾ ਪਿੰਡ ਵਿੱਚ ਵਾਪਰੀ। ਪਤਾ ਲੱਗਾ ਹੈ ਕਿ ਦੋਸ਼ੀ ਮਾਖਨ ਮੰਡਲ ਨੇ ਐਤਵਾਰ ਰਾਤ ਦੋ ਕਮਰਿਆਂ ਵਿੱਚ ਉਸ ਵੇਲੇ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ, ਜਦ ਪਰਵਾਰ ਦੇ ਜੀਅ ਸੌਂ ਰਹੇ ਸਨ। ਨੈਸ਼ਨਲ ਵਾਲੰਟੀਅਰਸ ਫੋਰਸ ਵਿੱਚ ਕੰਮ ਕਰਨ ਵਾਲੇ ਗੇਦੂ ਮੰਡਲ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਸੀ ਅਤੇ ਉਸ ਦੇ ਇੱਕ ਪੁੱਤਰ ਗੋਵਿੰਦਾ ਨੂੰ ਤਰਸ ਦੇ ਆਧਾਰ ਉਤੇ ਨੌਕਰੀ ਮਿਲ ਗਈ ਜਿਸ ਤੋਂ ਦੂਸਰਾ ਪੁੱਤਰ ਮਾਖਨ ਖਿਝ ਗਿਆ ਅਤੇ ਇਸ ਘਟਨਾ ਨੂੰ ਅੰਜਾਮ ਦਿੱਤਾ।

ਅੰਨਾ ਹਜ਼ਾਰੇ ਕਹਿੰਦੈ:

## ਭਾਜਪਾ ਵਲੋਂ 2014 ਦੀਆਂ ਚੋਣਾਂ ਲਈ ਮੈਨੂੰ ਵਰਤਿਆ ਗਿਆ ਸੀ

ਅਹਿਮਦਨਗਰ, 5 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਲੋਕਪਾਲ ਦੀ ਨਿਯੁਕਤੀ ਦੀ ਮੰਗ ਲਈ ਭੁੱਖ ਹੜਤਾਲ 'ਤੇ ਬੈਠੇ ਹੋਏ ਸਮਾਜ ਸੇਵੀ ਕਾਰਕੁਨ ਅੰਨਾ ਹਜ਼ਾਰੇ ਨੇ ਕੱਲ੍ਹ ਆਖਿਆ ਹੈ ਕਿ ਸਾਲ 2014 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਨੇ ਉਨ੍ਹਾਂ ਨੂੰ ਵਰਤਿਆ ਸੀ।



ਆਪਣੇ ਪਿੰਡ ਰਾਲੇਗਣ ਸਿੱਧੀ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਅੰਨਾ ਹਜ਼ਾਰੇ ਨੇ ਕਿਹਾ, 'ਭਾਜਪਾ ਨੇ 2014 ਵਿੱਚ ਮੇਰਾ ਇਸਤੇਮਾਲ ਕੀਤਾ ਸੀ। ਹਰ ਕੋਈ ਜਾਣਦਾ ਹੈ ਕਿ ਲੋਕਪਾਲ ਲਈ ਇਹ ਮੇਰਾ ਅੰਦੋਲਨ ਸੀ, ਜਿਸ ਨੇ ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਸੱਤਾ ਵਿੱਚ ਲਿਆਂਦਾ। ਅੱਜ ਮੇਰੇ ਦਿਲ ਵਿੱਚੋਂ ਉਨ੍ਹਾਂ ਲਈ ਸਨਮਾਨ ਖਤਮ ਹੋ ਚੁੱਕਾ ਹੈ।' ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰਫ ਦੇਸ਼ ਦੇ ਲੋਕਾਂ ਨੂੰ ਵਰਗਲਾ ਰਹੇ ਹਨ ਤੇ ਦੇਸ਼ ਨੂੰ ਤਾਨਾਸ਼ਾਹੀ ਵੱਲ ਲੈ ਕੇ ਜਾ ਰਹੇ ਹਨ। ਭਾਜਪਾ ਦੀ ਅਗਵਾਈ ਵਾਲੀ ਮਹਾਰਾਸ਼ਟਰ ਸਰਕਾਰ ਪਿਛਲੇ ਚਾਰ ਸਾਲਾਂ ਤੋਂ ਝੂਠ ਬੋਲ ਰਹੀ ਹੈ, ਪਰ ਇਹ ਝੂਠ ਕਦੋਂ ਤੱਕ ਚੱਲੇਗਾ। ਉਨ੍ਹਾਂ ਕਿਹਾ ਕਿ ਇਸ ਸਰਕਾਰ ਨੇ ਦੇਸ਼ ਵਾਸੀਆਂ ਨੂੰ ਸ਼ਰਮਸਾਰ ਕੀਤਾ ਹੈ। ਅੰਨਾ ਨੇ ਕਿਹਾ ਕਿ ਰਾਜ ਸਰਕਾਰ ਦਾ ਦਾਅਵਾ ਗਲਤ ਹੈ ਕਿ ਉਨ੍ਹਾਂ ਦੀਆਂ 90 ਫੀਸਦੀ ਮੰਗਾਂ ਮੰਨ ਲਈਆਂ ਹਨ। ਉਨ੍ਹਾਂ ਕਿਹਾ ਕਿ ਸਾਲ 2011 ਅਤੇ 2014 ਵਿੱਚ ਉਨ੍ਹਾਂ ਦੇ ਅੰਦੋਲਨ ਤੋਂ ਲਾਭ ਲੈਣ ਵਾਲੇ ਲੋਕ ਅੱਜ ਉਨ੍ਹਾਂ ਦੀਆਂ ਮੰਗਾਂ ਤੋਂ ਪਿੱਠ ਮੋੜ ਗਏ ਹਨ ਤੇ ਪਿਛਲੇ ਪੰਜ ਸਾਲਾਂ ਵਿੱਚ ਕੁਝ ਵੀ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਤੇ ਰਾਜ ਸਰਕਾਰ ਦੇ ਮੰਤਰੀ ਉਨ੍ਹਾਂ ਕੋਲ ਆਉਣਗੇ ਤੇ ਮਸਲੇ ਬਾਰੇ ਗੱਲ ਕਰਨਗੇ, ਪਰ ਫੋਕੇ ਭਰੋਸਿਆਂ ਲਈ ਉਨ੍ਹਾਂ ਦੀ ਨਾਂਹ ਰਹੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਵਾਅਦਿਆਂ ਤੋਂ ਭਰੋਸਾ ਉਠ ਚੁੱਕਿਆ ਹੈ, ਇਸ ਵਾਸਤੇ ਸਭ ਕੁਝ ਲਿਖਤ ਵਿੱਚ ਦੇਣਾ ਹੋਵੇਗਾ। ਇਕ ਸਵਾਲ ਦੇ ਜਵਾਬ ਵਿੱਚ ਸ੍ਰੀ ਹਜ਼ਾਰੇ ਨੇ ਕਿਹਾ ਕਿ ਇਸ ਅੰਦੋਲਨ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸਵਾਗਤ ਹੈ, ਪਰ ਉਹ ਕੇਜਰੀਵਾਲ ਨੂੰ ਆਪਣੇ ਨਾਲ ਮੰਚ ਸਾਂਝਾ ਕਰਨ ਦੀ ਇਜਾਜ਼ਤ ਨਹੀਂ ਦੇਣਗੇ।

## ਸ਼ਿਵ ਸੈਨਾ ਨੇਤਾ ਨਾਲ 9 ਲੱਖ ਰੁਪਏ ਦੀ ਠੱਗੀ ਲਈ ਦੋ ਜਣਿਆਂ ਦੇ ਖਿਲਾਫ ਕੇਸ ਦਰਜ

ਠਾਣੇ, 5 ਫਰਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਠਾਣੇ ਜ਼ਿਲੇ ਵਿੱਚ ਚਾਰ ਲੋਕਾਂ ਖਿਲਾਫ ਸ਼ਿਵ ਸੈਨਾ ਦੀ ਇਕ ਨੇਤਾ ਨਾਲ 9 ਲੱਖ ਰੁਪਏ ਦੀ ਠੱਗੀ ਕਰਨ ਦਾ ਕੇਸ ਦਰਜ ਕੀਤਾ ਗਿਆ ਹੈ।

ਰਾਜ ਸਰਕਾਰ ਵੱਲੋਂ ਚਲਾਏ ਜਾਂਦੇ ਮਹਿਲਾ ਆਰਥਿਕ ਵਿਕਾਸ ਮਹਾਮੰਡਲ ਦੀ ਮੁਖੀ ਜੋਤੀ ਠਾਕਰੇ ਨੇ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਨੂੰ ਕਰੀਬ ਸੱਤ ਕਰੋੜ ਰੁਪਏ ਕਰਜ਼ੇ ਦੀ ਲੋੜ ਸੀ। ਦੋਸ਼ੀਆਂ ਵਿੱਚੋਂ ਦੋ ਨੇ ਪਿਛਲੇ ਸਾਲ ਇਕ ਨਿੱਜੀ ਵਿੱਤ ਕੰਪਨੀ ਦੇ ਰਾਹੀਂ ਜੋਤੀ ਠਾਕਰੇ ਨੂੰ ਕਰਜ਼ਾ ਦਿਵਾਉਣ ਦੀ ਗੱਲ ਕਹਿ ਕੇ ਇਸ ਦੇ ਲਈ 60,000 ਰੁਪਏ ਮੰਗੇ ਸਨ। ਪੈਸੇ ਲੈਣ ਦੇ ਬਾਅਦ ਵੀ ਉਨ੍ਹਾਂ ਨੇ ਕਰਜ਼ਾ ਨਹੀਂ ਦਿੱਤਾ। ਬਾਅਦ ਵਿੱਚ ਹੋਰ ਦੋ ਲੋਕਾਂ ਨੇ ਸ਼ਿਵ ਸੈਨਾ ਨੇਤਾ ਤੋਂ 8.5 ਲੱਖ ਰੁਪਏ ਲਏ, ਪਰ ਉਨ੍ਹਾਂ ਨੇ ਵੀ ਕਰਜ਼ਾ ਨਹੀਂ ਦਿਵਾਇਆ। ਪਰੇਸ਼ਾਨ ਹੋ ਕੇ ਜੋਤੀ ਠਾਕਰੇ ਨੇ ਨੌਪਾੜਾ ਥਾਣੇ ਵਿੱਚ ਕੱਲ੍ਹ ਰਾਤ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਦੇ ਆਧਾਰ 'ਤੇ ਪੁਲਸ ਨੇ ਅਮਿਤ ਕੋਲੀ, ਪ੍ਰਸ਼ਾਂਤ ਕਦਮ, ਬਾਲਚੰਦਰ ਪਾਲਵਾ ਅਤੇ ਓਮਾਰ ਹਾਟਲੇ ਉਰਫ ਅਮਿਤ ਪਾਟਿਲ ਦੇ ਖਿਲਾਫ ਧਾਰਾ 420 ਅਤੇ 406 ਦਾ ਕੇਸ ਦਰਜ ਕੀਤਾ ਹੈ।

## ਭਗੌੜੇ ਆਦਿੱਤਿਆ ਦੀ ਭਾਲ ਵਿੱਚ ਜਾਂਚ ਟੀਮ ਨੇ ਫਿਰ ਸੱਚਾ ਸੌਦਾ ਡੇਰੇ ਵਿੱਚ ਦਸਤਕ ਦਿੱਤੀ





ਸਿਰਸਾ, 5 ਫਰਵਰੀ (ਪੋਸਟ ਬਿਊਰੋ)- ਹਰਿਆਣਾ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਇਕ ਵਾਰ ਫਿਰ ਸਿਰਸਾ ਵਿੱਚ ਹੋਈ ਹਿੰਸਾ ਦੇ ਮੁੱਖ ਸਾਜ਼ਿਸ਼ ਕਰਤਾਵਾਂ 'ਚ ਸ਼ਾਮਲ ਭਗੌੜੇ ਆਦਿੱਤਿਆ ਇੰਸਾਂ ਦੀ ਗ੍ਰਿਫਤਾਰੀ ਵਾਸਤੇ ਡੇਰੇ ਦੇ ਮੁੱਖ ਦਫਤਰ ਦੀ ਵਾਈਸ ਚੇਅਰਪਰਸਨ ਸ਼ੋਭਾ ਕੋਲੋਂ ਲੰਬੀ ਪੁੱਛਗਿੱਛ ਕੀਤੀ ਹੈ। ਇਸ ਦੌਰਾਨ ਸ਼ੋਭਾ ਨੇ ਐਸ ਆਈ ਟੀ ਨੂੰ ਕਿਹਾ ਕਿ ਜੇ ਆਦਿੱਤਿਆ ਡੇਰੇ ਵਿੱਚ ਆਇਆ ਤਾਂ ਉਹ ਖੁਦ ਉਸ ਨੂੰ ਪੁਲਸ ਦੇ ਹਵਾਲੇ ਕਰ ਦੇਣਗੇ। ਆਦਿ-ਤਿਆ ਦੀ ਪਤਨੀ ਡਾ. ਪ੍ਰਦੀਪ ਕੌਰ ਨੇ ਐਸ ਆਈ ਟੀ ਨੂੰ ਬੇਨਤੀ ਕੀਤੀ ਹੈ ਕਿ ਉਹ ਆਦਿੱਤਿਆ ਦੀ ਭਾਲ ਛੇਤੀ ਕਰੇ। ਵਰਨਣ ਯੋਗ ਹੈ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਦਾ ਖਾਸ ਚੇਲਾ ਆਦਿੱਤਿਆ ਇੰਸਾਂ ਪਿਛਲੇ 17 ਮਹੀਨੇ ਤੋਂ ਲਾਪਤਾ ਹੈ ਅਤੇ ਉਸ ਦੇ ਪਰਵਾਰ ਦਾ ਕਹਿਣਾ ਹੈ ਕਿ ਉਸ ਨੇ ਕਦੇ ਪਰਵਾਰ ਨਾਲ ਸੰਪਰਕ ਨਹੀਂ ਕੀਤਾ। ਇਸ ਲਈ ਪਰਵਾਰ ਵੀ ਆਦਿੱਤਿਆ ਦੀ ਭਾਲ ਬਾਰੇ ਚਿੰਤਤ ਹੈ। ਐਸ ਆਈ ਟੀ ਦਾ ਕਹਿਣਾ ਹੈ ਕਿ ਆਦਿੱਤਿਆ ਦੀ ਆਖਰੀ ਲੋਕੇਸ਼ਨ ਪੰਚਕੂਲਾ ਵਿੱਚ ਆਈ ਸੀ। 25 ਅਗਸਤ 2017 ਨੂੰ ਪੰਚਕੂਲਾ ਅਤੇ ਸਿਰਸਾ 'ਚ ਹੋਈ ਹਿੰਸਾ ਦੌਰਾਨ ਪੇਸ਼ੇ ਵਜੋਂ ਅੱਖਾਂ ਦਾ ਡਾਕਟਰ ਆਦਿੱਤਿਆ ਇੰਸਾਂ ਪੰਚਕੂਲਾ ਵਿੱਚ ਸੀ। ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਜਾ ਚੁੱਕੇ ਆਦਿੱਤਿਆ ਦੀ ਜਾਇਦਾਦ ਕੁਰਕ ਕਰਵਾਉਣ ਦੀ ਕਾਰਵਾਈ ਵੀ ਪੁਲਸ ਨੇ ਸ਼ੁਰੂ ਕਰ ਦਿਤੀ ਹੈ। ਥਾਣਾ ਸਦਰ ਦੇ ਐਸ ਐਚ ਓ ਜਗਦੀਸ਼ ਜੋਸ਼ੀ ਨੇ ਦੱਸਿਆ ਕਿ ਸਿਰਸਾ ਤਹਿਸੀਲ ਦਫਤਰ ਤੋਂ ਪੁਲਸ ਨੇ ਉਸ ਦੀ ਜਾਇਦਾਦ ਦਾ ਰਿਕਾਰਡ ਮੰਗਿਆ ਹੈ। ਸਾਧਵੀ ਬਲਾਤਕਾਰ ਕੇਸ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਦੇ ਜੇਲ੍ਹ ਭੇਜ ਦਿੱਤੇ ਜਾਣ ਤੋਂ ਬਾਅਦ ਭੜਕੀ ਹਿੰਸਾ ਦੇ ਬਾਅਦ ਆਦਿੱਤਿਆ ਭੇਦਭਰੀ ਹਾਲਤ 'ਚ ਲਾਪਤਾ ਹੋ ਗਿਆ ਸੀ।

# ਧੀ ਨੂੰ ਲੈਣ ਦਿੱਲੀ ਏਅਰਪੋਰਟ ਜਾਂਦੇ ਬਾਪ ਦੀ ਹਾਦਸੇ ਵਿੱਚ ਮੌਤ

*ਵਿਦੇਸ਼ ਤੋਂ ਵਾਪਿਸ ਆ ਰਹੀ ਸੀ ਧੀ


ਹਿਸਾਰ, 5 ਫਰਵਰੀ (ਪੋਸਟ ਬਿਊਰੋ)- ਸਾਈਪ੍ਰਸ ਤੋਂ ਵਾਪਸ ਆਈ ਧੀ ਨੂੰ ਮਿਲਣ ਦੀ ਖੁਸ਼ੀ ਇਕ ਪਿਤਾ ਨੂੰ ਇੰਨੀ ਸੀ ਕਿ ਉਹ ਖੁਦ ਉਸ ਨੂੰ ਲੈਣ ਦਿੱਲੀ ਏਅਰਪੋਰਟ ਨੂੰ ਰਵਾਨਾ ਹੋਇਆ, ਪਰ ਕੁਝ ਦਾ ਕੁਝ ਹੋ ਗਿਆ ਸੀ। ਬੇਟੀ ਨੂੰ ਦੇਖਣ ਤੋਂ ਪਹਿਲਾਂ ਹਿਸਾਰ-ਦਿੱਲੀ ਬਾਈਪਾਸ ਮਿਰਜ਼ਾਪੁਰ ਨੇੜੇ ਫਲਾਈਓਵਰ ਉਤੇ ਉਸ ਦੀ ਕਾਰ ਦੁਰਘਟਨਾ ਗ੍ਰਸਤ ਹੋ ਗਈ ਅਤੇ ਉਸ ਦੀ ਮੌਤ ਹੋ ਗਈ ਅਤੇ ਡਰਾਈਵਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ।





ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਫਰੀਦਕੋਟ ਜ਼ਿਲੇ ਦੇ ਜੀਵਨਵਾਲਾ ਪਿੰਡ ਦਾ ਕਰੀਬ 52 ਸਾਲਾ ਅਮਰਜੀਤ ਸਿੰਘ ਆਪਣੇ ਪਿੰਡ ਤੋਂ ਦਿੱਲੀ ਏਅਰਪੋਰਟ ਲਈ ਚੱਲਿਆ ਤਾਂ ਉਸ ਨੇ ਗੱਡੀ ਕਿਰਾਏ 'ਤੇ ਲਈ, ਜਿਸ ਨੂੰ ਫਰੀਦਕੋਟ ਦਾ 40 ਸਾਲਾ ਸੁਖਰਾਜ ਚਲਾ ਰਿਹਾ ਸੀ। ਉਨ੍ਹਾਂ ਦੀ ਸਵਿਫਟ ਡਿਜ਼ਾਈਰ ਗੱਡੀ ਕੱਲ੍ਹ ਤੜਕੇ ਹਿਸਾਰ-ਦਿੱਲੀ ਬਾਈਪਾਸ ਉਤੋਂ ਜਦੋਂ ਫਲਾਈਓਵਰ ਤੋਂ ਲੰਘ ਰਹੀ ਸੀ ਤਾਂ ਦੁਰਘਟਨਾ ਗ੍ਰਸਤ ਹੋ ਗਈ। ਹਾਦਸੇ ਵਿੱਚ ਅਮਰਜੀਤ ਸਿੰਘ ਅਤੇ ਡਰਾਈਵਰ ਸੁਖਰਾਜ ਦੋਵੇਂ ਗੰਭੀਰ ਜ਼ਖਮੀ ਹੋ ਗਏ। ਰਾਹਗੀਰਾਂ ਨੇ ਦੁਰਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਤਾਂ ਪੁਲਸ ਨੇ ਰਾਹਗੀਰਾਂ ਦੀ ਮਦਦ ਨਾਲ ਉਨ੍ਹਾਂ ਨੂੰ ਸਿਵਲ ਹਸਪਤਾਲ ਪਹੁੰਚ-ਾਇਆ, ਜਿਥੇ ਡਾਕਟਰਾਂ ਨੇ ਅਮਰਜੀਤ ਸਿੰਘ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਅਤੇ ਸੁਖਰਾਜ ਨੂੰ ਅਗ੍ਰੋਹਾ ਹਸਪਤਾਲ ਰੈਫਰ ਕਰ ਦਿੱਤਾ।

ਮ੍ਰਿਤਕ ਅਮਰਜੀਤ ਸਿੰਘ ਦੇ ਭਤੀਜੇ ਜੁਝਾਰ ਨੇ ਦੱਸਿਆ ਕਿ ਉਨ੍ਹਾਂ ਦੇ ਚਾਚੇ ਦੀ ਧੀ ਗੁਰਜੀਤ ਕੌਰ ਸਾਈਪ੍ਰਸ ਵਿੱਚ ਕੰਮ ਕਰਦੀ ਹੈ। ਉਨ੍ਹਾਂ ਦੱਸਿਆ ਕਿ ਪਰਵਾਰ ਵਾਲਿਆਂ ਨੂੰ ਵਿਦੇਸ਼ ਤੋਂ ਵਾਪਸ ਆਈ ਧੀ ਨੂੰ ਮਿਲਣ ਦਾ ਜਿੰਨਾ ਚਾਅ ਸੀ, ਉਹ ਅਮਰਜੀਤ ਸਿੰਘ ਦੀ ਮੌਤ ਨਾਲ ਗਮ ਵਿੱਚ ਬਦਲ ਗਿਆ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca



UPPAL LAW
FREE CONSULTATION !
Avtar Uppal Manager
Aman Uppal BARRISTER, SOLICITOR



IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਕੈਂਸਰ ਦੀ ਵਜ੍ਹਾ ਬਣ ਰਿਹਾ ਹੈ ਮੋਟਾਪਾ

ਵਾਸ਼ਿੰਗਟਨ, 5 ਫਰਵਰੀ (ਪੋਸਟ ਬਿਊਰੋ)- ਮੋਟਾਪਾ ਦੁਨੀਆ ਵਿੱਚ ਤੇਜ਼ੀ ਨਾਲ ਵਧਦੀ ਜਾ ਰਹੀ ਬਿਮਾਰੀ ਦਾ ਰੂਪ ਲੈਂਦਾ ਜਾ ਰਿਹਾ ਹੈ। ਪੱਛਮ ਦੇ ਬਹੁਤੇ ਦੇਸ਼ਾਂ ਵਿੱਚ ਇਸ ਨੇ ਮਹਾਮਾਰੀ ਵਰਗਾ ਰੂਪ ਲੈ ਲਿਆ ਹੈ। ਮੋਟਾਪਾ ਇਸ ਲਈ ਵੀ ਵੱਡੀ ਸਮੱਸਿਆ ਹੈ, ਕਿਉਂਕਿ ਉਹ ਸ਼ੂਗਰ ਅਤੇ ਕੈਂਸਰ ਵਰਗੀਆਂ ਕਈ ਹੋਰ ਬਿਮਾਰੀਆਂ ਦਾ ਵੀ ਕਾਰਨ ਬਣਦਾ ਹੈ। ਹਾਲ ਦੇ ਸਰਵੇ ਵਿੱਚ ਸਾਹਮਣੇ ਆਇਆ ਹੈ। ਨੌਜਵਾਨਾਂ ਵਿੱਚ ਮੋਟਾਪਾ ਕੈਂਸਰ ਦੀ ਵੱਡੀ ਵਜ੍ਹਾ ਬਣਦਾ ਜਾ ਰਿਹਾ ਹੈ।

ਵਿਗਿਆਨੀਆਂ ਨੇ 1995 ਤੋਂ 2014 ਦੇ ਦੌਰਾਨ 30 ਤਰ੍ਹਾਂ ਦੇ ਕੈਂਸਰ 'ਤੇ ਸਰਵੇ ਕੀਤਾ। ਇਨ੍ਹਾਂ ਵਿੱਚ 12 ਪ੍ਰਕਾਰ ਦੇ ਕੈਂਸਰ ਅਜਿਹੇ ਸਨ, ਜੋ ਮੋਟਾਪੇ ਦੇ ਕਾਰਨ ਹੁੰਦੇ ਹਨ। ਖੋਜ ਵਿੱਚ 25 ਤੋਂ 84 ਸਾਲ ਦੀ ਉਮਰ ਦੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ ਤੇ 1.46 ਕਰੋੜ ਕੇਸਾਂ ਦਾ ਸਰਵੇ ਹੋਇਆ। ਖੋਜ ਨੂੰ ਲੈਂਸੇਟ ਪਬਲਿਕ ਹੈਲਥ ਵਿੱਚ ਛਾਪਿਆ ਗਿਆ ਹੈ।

ਵਿਗਿਆਨੀਆਂ ਨੇ ਪਾਇਆ ਕਿ ਮੋਟਾਪੇ ਕਾਰਨ ਹੋਣ ਵਾਲੇ 12 ਵਿੱਚੋਂ ਛੇ ਪ੍ਰਕਾਰ ਦੇ ਕੈਂਸਰ 25 ਤੋਂ 49 ਸਾਲ ਦੀ ਉਮਰ ਦੇ ਲੋਕਾਂ ਵਿੱਚ ਵੱਧ ਤੇਜ਼ੀ ਨਾਲ ਵਧ ਰਹੇ ਹਨ। ਇਨ੍ਹਾਂ ਵਿੱਚ ਵੀ ਘੱਟ ਉਮਰ ਦੇ ਲੋਕਾਂ ਵਿੱਚ ਇਸ ਦੇ ਮਾਮਲੇ ਵਧਣ ਦੀ ਰਫਤਾਰ ਜ਼ਿਆਦਾ ਹੈ। ਉਦਾਹਰਣ ਦੇ ਤੌਰ 'ਤੇ 1950 ਵਿੱਚ ਜਨਮੇ ਵਿਅਕਤੀ ਦੀ ਤੁਲਨਾ ਵਿੱਚ 1985 ਵਿੱਚ ਜਨਮੇ ਵਿਅਕਤੀ ਨੂੰ ਮਲਟੀਪਲ ਮਾਇਲੋਮਾ (ਕੈਂਸਰ ਦਾ ਇੱਕ ਪ੍ਰਕਾਰ) ਹੋਣ ਦਾ ਖਤਰਾ 59 ਫੀਸਦੀ ਜ਼ਿਆਦਾ ਹੈ। ਅਜਿਹੇ ਲੋਕਾਂ ਵਿੱਚ ਪ੍ਰੈਂਕ੍ਰਿਆਟਿਕ ਕੈਂਸਰ (ਅਗਨਾਸ਼ਯ ਦਾ ਕੈਂਸਰ) ਹੋਣ ਦਾ ਡਰ ਦੁੱਗਣਾ ਹੋ ਜਾਂਦਾ ਹੈ। ਅਮਰੀਕਨ ਕੈਂਸਰ ਸੁਸਾਇਟੀ ਦੇ ਵਿਗਿਆਨੀ ਅਹਿਮਦੀਨ ਜਮਾਲ ਨੇ ਕਿਹਾ ਕਿ ਮੋਟਾਪੇ ਨਾਲ ਨਿਪਟਣ ਵਿੱਚ ਸਹੀ ਖਾਣ-ਪਾਣ ਅਤੇ ਕਸਰਤ ਦੀ ਅਹਿਮ ਭੂਮਿਕਾ ਹੁੰਦੀ ਹੈ। ਨਾਲ ਇਸ ਵਿੱਚ ਸਿਹਤ ਸੇਵਾ ਨਾਲ ਜੁੜੇ ਲੋਕਾਂ ਨੂੰ ਵੀ ਜ਼ਿੰਮੇਵਾਰੀ ਨਿਭਾਉਣੀ ਹੋਵੇਗੀ। ਮੁਸ਼ਕਲ ਨਾਲ ਤਿਹਾਈ ਜਵਾਨਾਂ ਨੂੰ ਹੀ ਮੋਟਾਪੇ ਦੇ ਖਤਰੇ ਅਤੇ ਇਸ ਤੋਂ ਬਚਣ ਦੇ ਉਪਾਅ ਦੇ ਬਾਰੇ ਵਿੱਚ ਕੋਈ ਦੱਸਦਾ ਹੈ।

## ਘਰ ਉੱਤੇ ਜਹਾਜ਼ ਡਿੱਗਣ ਕਾਰਨ ਪੰਜ ਮੌਤਾਂ




ਯੋਰਬਾ ਲਿੰਡਾ, 5 ਫਰਵਰੀ (ਪੋਸਟ ਬਿਊਰੋ)- ਇਕ ਜਹਾਜ਼ ਦੇ ਇਕ ਘਰ ਨਾਲ ਵੱਜਣ ਕਾਰਨ ਪੰਜ ਜਣਿਆਂ ਦੀ ਮੌਤ ਹੋ ਗਈ ਹੈ, ਜਦ ਕਿ ਦੋ ਹੋਰ ਜਣੇ ਜ਼ਖਮੀ ਹੋ ਗਏ ਹਨ।

ਆਰੇਂਜ ਕਾਊਂਟੀ ਸ਼ੈਰਿਫ ਦੇ ਲੈਫਟੀਨੈਂਟ ਕੋਰੀ ਮਾਰਟਿਨੋ ਨੇ ਦੱਸਿਆ ਕਿ ਦੋ ਇੰਜਣਾਂ ਵਾਲੇ ਜਹਾਜ਼ ਦੇ ਪਾਇਲਟ ਅਤੇ ਯੋਰਬਾ ਲਿੰਡਾ ਵਿਚਲੇ ਘਰ ਵਿੱਚ ਮੌਜੂਦ ਚਾਰ ਜਣਿਆਂ ਦੀ ਇਸ ਘਟਨਾ ਵਿੱਚ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕਾਂ ਵਿੱਚ ਦੋ ਮਰਦ ਅਤੇ ਦੋ ਔਰਤਾਂ ਹਨ, ਜਿਨ੍ਹਾਂ ਦੀ ਪਛਾਣ ਬਾਰੇ ਹੋਰ ਜਾਣਕਾਰੀ ਨਹੀਂ ਮਿਲ ਸਕੀ।

ਫੈਡਰਲ ਏਵੀਏਸ਼ਨ ਐਡਮਿਨਸਟ੍ਰੇਸ਼ਨ ਦੇ ਬੁਲਾਰੇ ਐਲਨ ਕੈਨੀਟਜ਼ਰ ਨੇ ਦੱਸਿਆ ਕਿ ਸੈਸਨਾ 414ਏ ਜਹਾਜ਼ ਨੇ ਫੁਲਰਟਨ ਮਿਊਂਸਿਪਲ ਏਅਰਪੋਰਟ ਤੋਂ ਉਡਾਣ ਭਰੀ ਸੀ। ਘਟਨਾ ਦੀ ਜਾਂਚ ਕਰ ਰਹੇ ਅਧਿਕਾਰੀ ਇਲੀਅਟ ਸਿੰਪਸਨ ਨੇ ਦੱਸਿਆ ਕਿ ਜਹਾਜ਼ ਦੇ ਮੁੱਖ ਕੈਬਿਨ ਤੇ ਇਕ ਇੰਜਣ ਦੀ ਟੱਕਰ ਵੱਜਣ ਕਾਰਨ ਦੋ ਮੰਜ਼ਿਲਾਂ ਘਰ ਵਿੱਚ ਅੱਗ ਲੱਗ ਗਈ ਸੀ, ਜਿਸ ਤੋਂ ਘਬਰਾ ਕੇ ਲੋਕ ਸੜਕਾਂ ਉਤੇ ਆ ਗਏ, ਜਦ ਕਿ ਦੂਜਾ ਇੰਜਣ ਗਲੀ ਵਿੱਚ ਡਿੱਗ ਗਿਆ। ਪੁਲਸ ਮੁਤਾਬਕ ਅੱਗ ਬੁਝਾਉਣ ਵਾਲੇ ਇਕ ਮੁਲਾਜ਼ਮ ਦੇ ਜ਼ਖਮੀ ਹੋਣ ਕਾਰਨ ਇਲਾਜ ਲਈ ਲਿਜਾਇਆ ਗਿਆ।

ਹਾਦਸਾ ਗ੍ਰਸਤ ਜਹਾਜ਼ ਦਾ ਮਲਬਾ ਇਕ ਹੋਰ ਘਰ ਦੇ ਪਿਛਲੇ ਪਾਸੇ ਮਿਲਿਆ ਹੈ। ਘਰ ਵਿੱਚ ਲੱਗੀ ਅੱਗ ਨੇ ਨੇੜੇ ਖੜੀ ਇਕ ਐਸ ਯੂ ਵੀ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ। ਅਧਿਕਾਰੀ ਨੇ ਦੱਸਿਆ ਕਿ ਜਹਾਜ਼ ਦਾ ਮਲਬਾ ਚਾਰ ਬਲਾਕਾਂ ਵਿੱਚ ਫੈਲਿਆ ਹੈ। ਇਸ ਦੌਰਾਨ ਆਏ ਤੂਫਾਨ ਕਾਰਨ ਪਏ ਮੀਂਹ ਨੇ ਅੱਗ ਬੁਝਾਉਣ 'ਚ ਮਦਦ ਕੀਤੀ।

## ਬ੍ਰਿਟੇਨ ਵੱਲੋਂ ਵਿਜੇ ਮਾਲਿਆ ਨੂੰ ਭਾਰਤ ਦੇ ਹਵਾਲੇ ਕਰਨ ਦਾ ਹੁਕਮ



ਲੰਡਨ, 5 ਫਰਵਰੀ (ਪੋਸਟ ਬਿਊਰੋ)- 9000 ਕਰੋੜ ਰੁਪਏ ਦੀ ਧੋਖਾਧੜੀ ਲਈ ਭਾਰਤ ਨੂੰ ਲੋੜੀਂਦੇ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੂੰ ਲੰਡਨ ਦੀ ਵੈਸਟ ਮਿੰਸਟਰ ਅਦਾਲਤ ਵੱਲੋਂ ਭਾਰਤ ਹਵਾਲੇ ਕਰਨ ਦੇ ਹੁਕਮਾਂ ਤੋਂ ਬਾਅਦ ਸਰਕਾਰ ਵੱਲੋਂ ਵੀ ਇਸ 'ਤੇ ਸਹੀ ਪਾ ਦਿੱਤੀ ਗਈ ਹੈ।

ਅਦਾਲਤੀ ਫੈਸਲੇ ਤੋਂ ਬਾਅਦ ਭਾਰਤ ਹਵਾਲਗੀ ਲਈ ਵਿਜੇ ਮਾਲਿਆ ਦਾ ਮਾਮਲਾ ਗ੍ਰਹਿ ਵਿਭਾਗ ਕੋਲ ਭੇਜ ਦਿੱਤਾ ਗਿਆ ਸੀ, ਜਿਸ ਨੂੰ ਕੱਲ੍ਹ ਗ੍ਰਹਿ ਮੰਤਰੀ ਸਾਜਿਦ ਜਾਵਿਦ ਨੇ ਹਰੀ ਝੰਡੀ ਦੇ ਦਿੱਤੀ। ਇਸ ਦੇ ਨਾਲ ਹੀ ਵਿਜੇ ਮਾਲਿਆ ਕੋਲ ਗ੍ਰਹਿ ਵਿਭਾਗ ਦੇ ਇਸ ਫੈਸਲੇ ਵਿਰੁੱਧ ਅਪੀਲ ਕਰਨ ਲਈ 14 ਦਿਨ ਦਾ ਸਮਾਂ ਹੈ। ਗ੍ਰਹਿ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਵਿਜੇ ਮਾਲਿਆ ਦੇ ਕੇਸ ਨੂੰ ਪੂਰੀ ਤਰ੍ਹਾਂ ਘੋਖਣ ਤੋਂ ਬਾਅਦ ਭਾਰਤ ਭੇਜਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਤਿੰਨ ਫਰਵਰੀ ਨੂੰ ਮਾਲਿਆ ਦੇ ਭਾਰਤ ਹਵਾਲਗੀ ਦਸਤਾਵੇਜ਼ਾਂ 'ਤੇ ਗ੍ਰਹਿ ਮੰਤਰੀ ਸਾਜਿਦ ਜਾਵਿਦ ਨੇ ਦਸਤਖਤ ਕੀਤੇ ਹਨ।

ਜ਼ਿਕਰ ਯੋਗ ਹੈ ਕਿ 10 ਦਸੰਬਰ 2018 ਨੂੰ ਵੈਸਟ ਮਿੰਸਟਰ ਮੈਜਿਸਟਰੇਟ ਅਦਾਲਤ ਦੀ ਜੱਜ ਐਮਾ ਅਰਬੂਥਨੋਟ ਨੇ ਅਸਹਿਮਤੀ ਪ੍ਰਗਟ ਕੀਤੀ ਸੀ ਕਿ ਵਿਜੇ ਮਾਲਿਆ ਨੂੰ ਭਾਰਤ ਹਵਾਲੇ ਕੀਤਾ ਜਾਂਦਾ ਹੈ ਤਾਂ ਇਸ ਨਾਲ ਉਸ ਦੇ ਮਨੁੱਖੀ ਅਧਿਕਾਰ ਪ੍ਰਭਾਵਿਤ ਹੋਣਗੇ। ਜੱਜ ਨੇ ਕਿਹਾ ਸੀ ਕਿ ਮਾਲਿਆ ਨੇ ਅਦਾਲਤ 'ਚ ਆਪਣੇ ਪੱਖ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਅਤੇ ਉਸ ਨੇ ਬੈਂਕਾਂ ਤੋਂ ਗਲਤ ਦਸਤਾਵੇਜ਼ਾਂ ਦੇ ਆਧਾਰ 'ਤੇ ਕਰਜ਼ਾ ਲਿਆ ਸੀ। ਉਸ ਖਿਲਾਫ ਝੂਠੇ ਕੇਸ ਦਾ ਕੋਈ ਸੰਕੇਤ ਨਹੀਂ ਹੈ। ਇਸ ਤੋਂ ਬਾਅਦ ਜੱਜ ਨੇ ਇਹ ਮਾਮਲਾ ਗ੍ਰਹਿ ਮੰਤਰੀ ਨੂੰ ਭੇਜ ਦਿੱਤਾ ਸੀ। ਇਹ ਵੀ ਜ਼ਿਕਰ ਯੋਗ ਹੈ ਕਿ ਅਪ੍ਰੈਲ 2017 'ਚ 63 ਸਾਲਾ ਵਿਜੇ ਮਾਲਿਆ ਨੂੰ ਯੂ ਕੇ ਵਿੱਚ ਹਵਾਲਗੀ ਦੇ ਵਾਰੰਟ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਸੀ, ਪਰ ਬਾਅਦ 'ਚ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਮਾਲਿਆ ਦੀ ਭਾਰਤ ਹਵਾਲਗੀ ਨੂੰ ਲੰਡਨ ਅਦਾਲਤ 'ਚ ਦਿੱਤੀ ਚੁਣੌਤੀ 'ਚ ਉਨ੍ਹਾਂ 'ਤੇ ਲੱਗੇ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਿਤ ਕਿਹਾ ਗਿਆ ਸੀ।

## ਹਾਂਗਕਾਂਗ ਵਿੱਚ ਚੀਨੀ ਪ੍ਰਵਾਸੀਆਂ ਕਾਰਨ ਸਥਿਤੀ ਖਿਚਾਅ ਪੂਰਨ

ਹਾਂਗਕਾਂਗ, 5 ਫਰਵਰੀ (ਪੋਸਟ ਬਿਊਰੋ)- ਹਾਂਗਕਾਂਗ ਦੇ ਲੋਕਾਂ ਨੂੰ ਇਸ ਸਮੇਂ ਘਰਾਂ ਦੀ ਕਮੀ ਵੱਡੀ ਸਮੱਸਿਆ ਹੈ। ਇਥੋਂ ਦੇ ਸਥਾਨਕ ਲੋਕ ਘਰਾਂ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ, ਹਸਪਤਾਲਾਂ ਵਿੱਚ ਬਹੁਤ ਜ਼ਿਆਦਾ ਭੀੜ ਹੈ। ਜਦੋਂ ਨੇੜੇ ਤੇੜੇ ਕੋਈ ਵੱਡੀ ਕੁਦਰਤੀ ਆਫਤ ਆਵੇ ਤਾਂ ਲੋਕ ਸੁਰੱਖਿਅਤ ਬਚਣ ਲਈ ਇਥੇ ਹੀ ਆਉਂਦੇ ਹਨ। ਇਸ ਦੇ ਨਾਲ ਚੀਨ ਤੋਂ ਆਉਣ ਵਾਲੇ ਪ੍ਰਵਾਸੀ ਵੀ ਸ਼ਹਿਰ ਦੀ ਭੀੜ ਵਧਾ ਰਹੇ ਹਨ। ਸ਼ਹਿਰ ਦੀਆਂ ਦੁਕਾਨਾਂ 'ਤੇ ਖਰੀਦਦਾਰੀ ਕਰਨ ਵਾਲਿਆਂ ਦਾ ਵੀ ਸਥਾਨਕ ਲੋਕ ਵਿਰੋਧ ਕਰ ਰਹੇ ਹਨ। ਇਨ੍ਹਾਂ ਖਰੀਦਦਾਰਾਂ ਨਾਲ ਸ਼ਹਿਰ ਦੀ ਅਰਥ ਵਿਵਸਥਾ ਮਜ਼ਬੂਤ ਹੁੰਦੀ ਹੈ, ਪਰ ਹਾਂਗਕਾਂਗ ਵਾਸੀ ਇਨ੍ਹਾਂ ਦੇ ਸਵਾਗਤ ਵਿੱਚ ਦਿਲਚਸਪੀ ਨਹੀਂ ਰੱਖਦੇ।


ਏਥੋਂ ਦੇ ਸੱਜੇ ਪੱਖੀ ਲੋਕਾਂ ਦਾ ਕਹਿਣਾ ਹੈ ਕਿ ਚੀਨ ਤੋਂ ਆਉਂਦੇ ਇਨ੍ਹਾਂ ਪ੍ਰਵਾਸੀਆਂ ਨੂੰ ਰੋਕਣ ਲਈ ਸਖਤ ਕਦਮ ਚੁੱਕਣੇ ਚਾਹੀਦੇ ਹਨ। ਇਸ ਲਈ ਵੱਖ ਕਾਨੂੰਨ ਬਣਾਉਣ ਦੀ ਲੋੜ ਹੈ। ਦੂਜੇ ਪਾਸੇ ਮੌਜੂਦਾ ਕਾਨੂੰਨਾਂ ਹੇਠ ਚੀਨੀ ਭਾਈਚਾਰੇ ਦੇ ਦਾਖਲੇ ਨੂੰ ਰੋਕਣ ਲਈ ਅਲੱਗ ਕੋਈ ਵਿਵਸਥਾ ਨਹੀਂ ਹੈ। ਚੀਨੀ ਪ੍ਰਵਾਸੀਆਂ ਦਾ ਸਮਰਥਨ ਕਰਨ ਵਾਲੇ ਗਰੁੱਪ ਦਾ ਕਹਿਣਾ ਹੈ ਕਿ 2013 ਦੇ ਸਰਕਾਰੀ ਦਸਤਾਵੇਜ਼ ਅਨੁਸਾਰ ਚੀਨ ਤੋਂ ਆਉਣ ਵਾਲੇ ਜ਼ਿਆਦਾਤਰ ਲੋਕ ਹੇਠਲੇ ਦਰਜੇ ਦੇ ਮਿਹਨਤ ਕਰਨ ਵਾਲੇ ਕੰਮ ਕਰਦੇ ਹਨ। ਸ਼ਹਿਰ ਵਿੱਚ ਵਧਦੇ ਦਬਾਅ ਲਈ ਸਥਾਨਕ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਦੱਸਣ ਯੋਗ ਹੈ ਕਿ ਹਾਂਗਕਾਂਗ ਵਿੱਚ ਇਨ੍ਹਾਂ ਦਿਨਾਂ ਵਿੱਚ ਸਥਿਤੀ ਤਣਾਅ ਪੂਰਨ ਹੈ ਕਿਉਂਕਿ ਚੀਨ ਇਸ ਦੇਸ਼ 'ਤੇ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

## 'ਕਬੂਤਰਬਾਜ਼' ਪੰਜਾਬੀ ਨੇ ਅਮਰੀਕਾ 'ਚ ਗੁਨਾਹ ਕਬੂਲ ਲਿਆ

ਨਿਊਯਾਰਕ, 5 ਫਰਵਰੀ (ਪੋਸਟ ਬਿਊਰੋ)- ਭਾਰਤ ਤੋਂ ਕਰੀਬ 400 ਲੋਕਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਲਿਆ ਚੁੱਕੇ ਪੰਜਾਬੀ ਯਾਦਵਿੰਦਰ ਸਿੰਘ ਭਾਂਬਾ ਨੇ ਪਿਛਲੇ ਮਹੀਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ।

ਪੁਇਰਤੋ ਰਿਕੋ ਦੇ ਜ਼ਿਲਾ ਜੱਜ ਸਿਲ੍ਵਆ ਕੈਰੇਨੋ-ਕੋਲ ਦੇ ਅੱਗੇ ਉਸ ਨੇ ਮਨੁੱਖੀ ਤਸਕਰੀ ਨਾਲ ਸੰਬੰਧਤ 15 ਵਿੱਚੋਂ ਇਕ ਗੁਨਾਹ ਨੂੰ ਮੰਨ ਲਿਆ ਹੈ। ਉਸ ਨੂੰ ਅਪ੍ਰੈਲ ਵਿੱਚ ਸਜ਼ਾ ਸੁਣਾਈ ਜਾਵੇਗੀ। ਭਾਂਬਾ ਮੁਤਾਬਕ ਉਹ 2013 ਤੋਂ ਮਨੁੱਖੀ ਤਸਕਰੀ ਦੇ ਕੰਮ 'ਚ ਲੱਗਾ ਹੋਇਆ ਸੀ ਅਤੇ ਉਹ ਡੋਮਿਨਿਕਨ ਰਿਪਬਲਿਕ, ਹੈਤੀ, ਪੁਇਰਤੋ ਰਿਕੋ ਅਤੇ ਭਾਰਤ ਸਮੇਤ ਹੋਰ ਦੇਸ਼ਾਂ 'ਚ ਸਰਗਰਮ ਸੀ। ਉਸ ਨੇ 2013 ਤੋਂ 2015 ਵਿਚਕਾਰ ਕਰੀਬ 400 ਲੋਕਾਂ ਨੂੰ ਖੁਦ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਕਰਵਾਇਆ ਸੀ। ਨਿਆਂ ਵਿਭਾਗ ਦੀ ਅਪਰਾਧਿਕ ਸ਼ਾਖਾ ਦੇ ਅਸਿਸਟੈਂਟ ਅਟਾਰਨੀ ਜਨਰੀ ਬ੍ਰਾਇਨ ਬੈਨਜ਼ਕੋਵਸਕੀ ਨੇ ਕਿਹਾ ਕਿ ਭਾਰਤ ਤੋਂ ਅਮਰੀਕਾ ਆਉਣ ਲਈ ਲੋਕਾਂ ਨੇ 30 ਹਜ਼ਾਰ ਤੋਂ 85 ਹਜ਼ਾਰ ਡਾਲਰ ਤੱਕ ਅਦਾ ਕੀਤੇ ਤੇ ਭਾਂਬਾ ਦੀ ਆਮਦਨ ਦਾ ਇਹ ਵਸੀਲਾ ਸੀ। ਭਾਂਬਾ ਨੂੰ ਅਗਸਤ 2017 'ਚ ਡੋਮਿਨਿਕਨ ਰਿਪਬਲਿਕ ਤੋਂ ਗ੍ਰਿਫਤਾਰ ਕਰਕੇ ਪੁਇਰਤੋ ਰਿਕੋ ਭੇਜ ਦਿੱਤਾ ਗਿਆ ਸੀ। ਉਹ ਆਪਣੇ ਸਾਥੀਆਂ ਨਾਲ ਮਿਲ ਕੇ ਭਾਰਤ ਤੋਂ ਲੋਕਾਂ ਨੂੰ ਥਾਈਲੈਂਡ, ਯੂ ਏ ਈ, ਅਰਜਨਟੀਨਾ, ਇਰਾਨ, ਪਨਾਮਾ, ਵੈਨੇਜ਼ੁਏਲਾ ਅਤੇ ਹੈਤੀ ਸਮੇਤ ਹੋਰ ਦੇਸ਼ਾਂ ਰਾਹੀਂ ਡੋਮਿਨਿਕਨ ਰਿਪਬਲਿਕ ਲੈ ਕੇ ਆਉਂਦਾ ਸੀ। ਇਥੋਂ ਉਨ੍ਹਾਂ ਨੂੰ ਕਿਸ਼ਤੀਆਂ ਰਾਹੀਂ ਪੁਇਰਤੋ ਰਿਕੋ ਜਾਂ ਫਲੋਰਿਡਾ ਪੁਚਾਇਆ ਜਾਂਦਾ ਤੇ ਫਿਰ ਕੈਲੀਫੋਰਨੀਆ, ਨਿਊਯਾਰਕ ਜਾਂ ਹੋਰ ਸ਼ਹਿਰਾਂ ਲਈ ਉਡਾਣ ਦਾ ਪ੍ਰਬੰਧ ਹੋਣ ਤੱਕ ਉਨ੍ਹਾਂ ਨੂੰ ਛਿਪਾ ਕੇ ਰੱਖਿਆ ਜਾਂਦਾ ਸੀ।

## ਯੂ ਏ ਈ ਵਿੱਚ ਪਹੁੰਚੇ ਪੋਪ ਫਰਾਂਸਿਸ ਦਾ ਸ਼ਾਹੀ ਸਵਾਗਤ



ਆਬੂ ਧਾਬੀ, 5 ਫਰਵਰੀ (ਪੋਸਟ ਬਿਊਰੋ)- ਯੂ ਏ ਈ ਦੇ ਇਤਿਹਾਸਕ ਦੌਰੇ ਉਤੇ ਪੁੱਜੇ ਪੋਪ ਫਰਾਂਸਿਸ ਦਾ ਕੱਲ੍ਹ ਇਥੇ ਸ਼ਾਹੀ ਅੰਦਾਜ਼ 'ਚ ਸਵਾਗਤ ਕੀਤਾ ਗਿਆ। ਆਲੀਸ਼ਾਨ ਰਾਸ਼ਟਰਪਤੀ ਭਵਨ ਪੁੱਜਣ 'ਤੇ ਉਨ੍ਹਾਂ ਨੂੰ ਤੋਪਾਂ ਦੀ ਸਲਾਮੀ ਦਿੱਤੀ ਗਈ ਤੇ ਹਵਾਈ ਫੌਜ ਦੇ ਜਹਾਜ਼ਾਂ ਨੇ ਆਕਾਸ਼ 'ਚ ਵੈਟੀਕਨ ਦੇ ਝੰਡੇ ਦੇ ਪੀਲੇ ਤੇ ਸਫੈਦ ਰੰਗ ਦੇ ਧੂੰਏਂ ਦਾ ਗੁਬਾਰ ਪੇਸ਼ ਕੀਤਾ। ਫਰਾਂਸਿਸ ਇਸਲਾਮ ਦੀ ਜਨਮ ਭੂਮੀ ਅਰਬ ਖਿੱਤੇ ਦੀ ਯਾਤਰਾ ਕਰਨ ਵਾਲੇ ਪਹਿਲੇ ਪੋਪ ਹਨ।

ਰਾਸ਼ਟਰਪਤੀ ਭਵਨ ਵਿੱਚ ਪੋਪ ਦੇ ਸਵਾਗਤ ਲਈ ਆਬੂ ਧਾਬੀ ਦੇ ਕ੍ਰਾਊਨ ਪ੍ਰਿੰਸ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ-ਨਾਹਯਾਨ ਤੋਂ ਇਲਾਵਾ ਯੂ ਏ ਈ ਦੇ ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਰਾਸ਼ਿਦ ਅਲ ਮਖਤੂਮ ਵੀ ਮੌਜੂਦ ਸਨ। ਇਸ ਦੌਰਾਨ ਵੈਟੀਕਨ ਅਤੇ ਯੂ ਏ ਈ ਦੇ ਰਾਸ਼ਟਰ ਗਾਨ ਵਜਾਏ ਗਏ ਅਤੇ ਯੂ ਏ ਈ ਦੇ ਹੋਰ ਆਗੂਆਂ ਨਾਲ ਪੋਪ ਦੀ ਜਾਣ ਪਛਾਣ ਕਰਵਾਈ ਗਈ। ਉਹ ਆਬੂ ਧਾਬੀ ਦੀ ਸ਼ੇਖ ਜ਼ਾਇਦ ਮਸਜਿਦ 'ਚ ਇਕ ਧਾਰਮਿਕ ਸੰਮੇਲਨ ਨੂੰ ਵੀ ਸੰਬੋਧਨ ਕਰਨਗੇ। ਯੂ ਏ ਈ 'ਚ ਕਰੀਬ ਦਸ ਲੱਖ ਕੈਥੋਲਿਕ ਈਸਾਈ ਰਹਿੰਦੇ ਹਨ, ਪਰ ਅਰਬ ਦੇਸ਼ਾਂ 'ਚ ਚਰਚ ਬਣਾਉਣ 'ਤੇ ਫਿਲਹਾਲ ਪਾਬੰਦੀ ਹੈ।

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11,
Toronto, ON M2K 0A6

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Honesty, Reliability, Commitment
HIRA RANDHWA
Broker
Dir:416.319.0551 Off:905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
Silvercity
www.HiraRandhawa.com
hirarandhawa@yahoo.ca
Brampton $579,900 — Hwy 10/Wlm Pkwy — 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's
Malton $589,900 — Airport Rd/Steeles — 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance
Malton $599,000 — Airport Rd/ Morning Star Dr — 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple
Brampton $729,000 — KingKnoll And Mclaughlin — 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple
Call For:
RESP, SUPER -VISA,& TRAVEL
Insurance
H.Randhawa
416-319-0551

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਇਰਾਨ ਉਤੇ ਨਜ਼ਰ ਰੱਖਣ ਲਈ ਸਾਡੀ ਫੌਜ ਇਰਾਕ ਵਿੱਚ ਰਹੇਗੀ: ਟਰੰਪ



ਵਾਸ਼ਿੰਗਟਨ, 5 ਫਰਵਰੀ (ਪੋਸਟ ਬਿਊਰੋ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਉੱਤੇ ਨਜ਼ਰ ਰੱਖਣ ਲਈ ਇਰਾਕ ਵਿੱਚ ਅਮਰੀਕੀ ਫੌਜੀ ਅੱਗੋਂ ਲਈ ਵੀ ਰੱਖੇ ਜਾਣਗੇ।

ਇੱਕ ਇੰਟਰਵਿਊ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ, ਅਸੀਂ ਖਤਰਿਆਂ 'ਤੇ ਨਜ਼ਰ ਰੱਖਣਾ ਚਾਹੁੰਦੇ ਹਾਂ। ਜੇ ਕੋਈ ਐਟਮੀ ਹਥਿਆਰ ਬਣਾਉਣ ਦੀ ਕੋਸ਼ਿਸ਼ ਕਰੇ ਤਾਂ ਸਾਨੂੰ ਪਹਿਲਾਂ ਹੀ ਉਸ ਦਾ ਪਤਾ ਲੱਗ ਜਾਏਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਮਰੀਕਾ ਨੇ ਬਹੁਤ ਮਿਹਨਤ ਦੇ ਬਾਅਦ ਇਰਾਕ ਵਿੱਚ ਫੌਜੀ ਬੇਸ ਬਣਾਇਆ ਸੀ। ਉਹ ਉਸ ਨੂੰ ਬਚਾਈ ਰੱਖਣਾ ਚਾਹੁੰਦੇ ਹਨ। ਸੀਰੀਆ ਅਤੇ ਅਫਗਾਨਿਸਤਾਨ ਤੋਂ ਅਮਰੀਕੀ ਫੌਜ ਹਟਾ ਲੈਣ ਦੇ ਐਲਾਨ ਦੇ ਬਾਅਦ ਟਰੰਪ ਨੇ ਇਸ ਬਿਆਨ ਉੱਤੇ ਇਰਾਕ ਨੇ ਨਾਰਾਜ਼ਗੀ ਪ੍ਰਗਟਾਈ ਹੈ। ਇਰਾਕ ਤੋਂ ਅਮਰੀਕੀ ਫੌਜੀਆਂ ਦੇ ਨਿਕਲ ਦੀ ਮੰਗ ਤੇਜ਼ ਹੋ ਗਈ ਹੈ। ਇਰਾਕੀ ਰਾਸ਼ਟਰਪਤੀ ਬਰਹਮ ਸਾਲੇਹੀ ਨੇ ਵੀ ਟਰੰਪ ਦੇ ਬਿਆਨ ਦਾ ਵਿਰੋਧ ਕੀਤਾ ਅਤੇ ਕਿਹਾ, ਕੋਈ ਦੇਸ਼ ਸਾਡੇ ਜ਼ਰੀਏ ਦੂਸਰੇ ਦੇਸ਼ਾਂ 'ਤੇ ਹਮਲਾ ਨਹੀਂ ਕਰ ਸਕਦਾ। ਡੋਨਾਲਡ ਟਰੰਪ ਦਾ ਇਹ ਬਿਆਨ ਉਸ ਸਮੇਂ ਆਇਆ ਹੈ, ਜਦ ਸੀਰੀਆ ਤੋਂ ਮੁੜ ਰਹੇ ਆਪਣੇ ਫੌਜੀਆਂ ਨੂੰ ਇਰਾਕ ਵਿੱਚ ਰਹਿਣ ਦੇਣ ਲਈ ਅਮਰੀਕਾ ਖੁਫੀਆ ਰੂਪ ਵਿੱਚ ਇਰਾਕ ਦੀ ਸਰਕਾਰ ਨਾਲ ਗੱਲ ਕਰ ਰਿਹਾ ਸੀ। ਅਮਰੀਕਾ ਦਾ ਕਹਿਣਾ ਹੈ ਕਿ ਉਹ ਇਰਾਕ ਦੇ ਫੌਜੀ ਬੇਸ ਤੋਂ ਅੱਤਵਾਦੀ ਸੰਗਠਨ ਆਈ ਐੱਸ ਉੱਤੇ ਹਮਲਾ ਕਰੇਗਾ ਤਾਂ ਕਿ ਉਸ 'ਤੇ ਦਬਾਅ ਬਣਿਆ ਰਹੇ। ਟਰੰਪ ਦੇ ਇਸ ਬਿਆਨ 'ਤੇ ਇਰਾਕੀ ਪਾਰਲੀਮੈਂਟ ਮੈਂਬਰ ਜਵਾਦ ਅਲ-ਮੁਸਾਵੀ ਨੇ ਕਿਹਾ, ਅਮਰੀਕਾ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਹ ਆਈ ਐਸ ਤੋਂ ਸਾਡੀ ਰੱਖਿਆ ਲਈ ਇਥੇ ਆਉਣਾ ਚਾਹੁੰਦੇ ਸਨ। ਉਨ੍ਹਾਂ ਦਾ ਇਰਾਦਾ ਸਾਫ ਹੈ ਕਿ ਉਹ ਇਰਾਨ ਉਤੇ ਨਜ਼ਰ ਰੱਖਣਾ ਚਾਹੁੰਦੇ ਹਨ।

# ਸੁਨੀਲ ਜਾਖੜ ਦੇ ਖਿਲਾਫ ਭਾਜਪਾ ਅਕਸ਼ੈ ਖੰਨਾ ਨੂੰ ਉਤਾਰਨ ਬਾਰੇ ਸੋਚਣ ਲੱਗੀ



ਚੰਡੀਗੜ੍ਹ, 5 ਫਰਵਰੀ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਗੁਰਦਾਸਪੁਰ ਤੋਂ ਪਾਰਲੀਮੈਂਟ ਮੈਂਬਰ ਸੁਨੀਲ ਜਾਖੜ ਨੂੰ ਘੇਰਨ ਲਈ ਭਾਰਤੀ ਜਨਤਾ ਪਾਰਟੀ ਕਿਸੇ ਵੱਡੇ ਉਮੀਦਵਾਰ ਦੀ ਭਾਲ ਕਰ ਰਹੀ ਹੈ। ਇਸ ਸੀਟ ਤੋਂ ਚਾਰ ਵਾਰ ਪਾਰਲੀਮੈਂਟ ਮੈਂਬਰ ਰਹੇ ਫਿਲਮੀ ਅਦਾਕਾਰ ਵਿਨੋਦ ਖੰਨਾ ਦੇ ਦੇਹਾਂਤ ਪਿੱਛੋਂ ਹੋਈ ਉਪ ਚੋਣ 'ਚ ਭਾਜਪਾ ਨੇ ਏਥੋਂ ਸਵਰਨ ਸਲਾਰੀਆ ਨੂੰ ਟਿਕਟ ਦਿੱਤੀ ਸੀ, ਪਰ ਬੁਰੀ ਤਰ੍ਹਾਂ ਹਾਰ ਗਏ ਸਨ। ਭਾਜਪਾ ਇਹ ਗਲਤੀ ਦੁਹਰਾਉਣਾ ਨਹੀਂ ਚਾਹੁੰਦੀ। ਚਰਚਾ ਹੈ ਕਿ ਇਥੋਂ ਭਾਜਪਾ ਵਿਨੋਦ ਖੰਨਾ ਦੇ ਪੁੱਤਰ ਅਕਸ਼ੈ ਖੰਨਾ ਨੂੰ ਮੈਦਾਨ ਵਿੱਚ ਉਤਾਰ ਸਕਦੀ ਹੈ। ਵਿਨੋਦ ਖੰਨਾ ਦੀ ਪਹਿਲੀ ਪਤਨੀ ਗੀਤਾਂਜਲੀ ਦੇ ਦੋ ਪੁੱਤਰ ਅਕਸ਼ੈ ਤੇ ਰਾਹੁਲ ਖੰਨਾ ਹਨ। ਭਾਜਪਾ ਮੰਨ ਰਹੀ ਹੈ ਕਿ ਸੁਨੀਲ ਜਾਖੜ ਵੱਡੇ ਆਗੂ ਹਨ। ਇਸ ਲਈ ਉਨ੍ਹਾਂ ਨੂੰ ਹਰਾਉਣ ਲਈ ਖਾਸ ਚਿਹਰਾ ਚਾਹੀਦਾ ਹੈ। ਮਰਹੂਮ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਇਸ ਸੀਟ ਤੋਂ ਟਿਕਟ ਦੀ ਸਭ ਤੋਂ ਵੱਡੀ ਦਾਅਵੇਦਾਰ ਹੈ ਅਤੇ ਤਿੰਨ ਜਨਵਰੀ ਨੂੰ ਕਰਤਾਰਪੁਰ ਕਾਰੀਡੋਰ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗੁਰਦਾ-ਸਪੁਰ ਵਿੱਚ ਹੋਈ ਧੰਨਵਾਦ ਰੈਲੀ ਵੇਲੇ ਵੀ ਉਹ ਪ੍ਰਭਾਵੀ ਨਜ਼ਰ ਆਈ ਸੀ। ਪ੍ਰਧਾਨ ਮੰਤਰੀ ਮੋਦੀ ਨੇ ਵੀ ਉਨ੍ਹਾਂ ਨੂੰ ਕਾਫੀ ਤਵੱਜੋ ਦਿੱਤੀ, ਪਰ ਭਾਜਪਾ ਦੀ ਚਿੰਤਾ ਇਹ ਹੈ ਕਿ ਕਵਿਤਾ ਖੰਨਾ ਬਾਰੇ ਗੁਰਦਾਸਪੁਰ 'ਚ ਖਿੱਚੋਤਾਣ ਦਾ ਅਸਰ ਲੋਕ ਸਭਾ ਚੋਣਾਂ ਉੱਤੇ ਪੈ ਸਕਦਾ ਹੈ। ਇਸੇ ਲਈ ਅਕਸ਼ੈ ਖੰਨਾ ਨੂੰ ਮੈਦਾਨ 'ਚ ਉਤਾਰਿਆ ਜਾ ਸਕਦਾ ਹੈ। ਵਿਨੋਦ ਖੰਨਾ ਦਾ ਪੁੱਤਰ ਹੋਣ ਕਾਰਨ ਉਨ੍ਹਾਂ ਨੂੰ ਹਮਦਰਦੀ ਦਾ ਲਾਭ ਮਿਲ ਸਕਦਾ ਹੈ। ਪਿਤਾ ਦੀ ਵਿਰਾਸਤ ਤਾਂ ਉਹ ਸੰਭਾਲਣਗੇ ਹੀ, ਉਨ੍ਹਾਂ ਦੇ ਕਾਰਨ ਪਾਰਟੀ ਨੂੰ ਧੜੇਬਾਜ਼ੀ ਦੀ ਸਮੱਸਿਆ ਤੋਂ ਵੀ ਨਿਜਾਤ ਮਿਲੇਗੀ।

ਭਾਜਪਾ ਦੇ ਸੀਨੀਅਰ ਆਗੂ ਮੰਨਦੇ ਹਨ ਕਿ ਜੇ ਅਕਸ਼ੈ ਖੰਨਾ ਚੋਣ ਮੈਦਾਨ 'ਚ ਆਏ ਤਾਂ ਸੁਨੀਲ ਜਾਖੜ ਨੂੰ ਇਸ ਸੀਟ 'ਤੇ ਘੇਰਿਆ ਜਾ ਸਕਦਾ ਹੈ। ਜਾਖੜ ਕਾਂਗਰਸ ਦੇ ਸੂਬਾ ਪ੍ਰਧਾਨ ਵੀ ਹਨ ਤੇ ਸਾਹਮਣੇ ਇਕ ਮਜ਼ਬੂਤ ਚਿਹਰਾ ਆਉਣ 'ਤੇ ਕਾਂਗਰਸ ਦਾ ਫੋਕਸ ਗੁਰਦਾਸਪੁਰ ਹੋ ਜਾਵੇਗਾ। ਇਸ ਦਾ ਸੂਬੇ ਦੀਆਂ ਬਾਕੀ ਸੀਟਾਂ 'ਤੇ ਵੀ ਅਸਰ ਹੋਵੇਗਾ, ਕਿਉਂਕਿ ਕਾਂਗਰਸ ਗੁਰਦਾ-ਸਪੁਰ 'ਚ ਉਲਝ ਜਾਵੇਗੀ।

# ਲਾਲ ਕੱਪੜੇ ਪਹਿਨਣ ਉੱਤੇ ਪਾਬੰਦੀ ਦੀ ਅਰਜ਼ੀ ਚੀਫ ਜਸਟਿਸ ਨੇ ਰੱਦ ਕੀਤੀ



ਨਵੀਂ ਦਿੱਲੀ, 5 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਬੇ-ਸਿਰ ਪੈਰ ਮੰਗਾਂ ਦੀਆਂ ਅਰਜ਼ੀਆਂ ਆਮ ਤੌਰ 'ਤੇ ਦਾਇਰ ਹੁੰਦੀਆਂ ਰਹੀਆਂ ਹਨ, ਪਰ ਕੱਲ੍ਹ ਇੱਕ ਬੇਹੱਦ ਅਜੀਬ ਮੰਗ ਲਈ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ। ਇੱਕ ਵਿਅਕਤੀ ਨੇ ਇਸ ਪਟੀਸ਼ਨ ਵਿੱਚ ਮੰਗ ਕੀਤੀ ਕਿ ਸਾਰੇ ਦੇਸ਼ ਵਿੱਚ ਲਾਲ ਰੰਗ ਦੇ ਕੱਪੜੇ ਪਹਿਨਣ 'ਤੇ ਰੋਕ ਲਾ ਦਿੱਤੀ ਜਾਏ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੀ ਬੈਂਚ ਨੇ ਇਸ ਪਟੀਸ਼ਨ ਨੂੰ ਬੇਹੱਦ ਵਾਹਿਆਤ ਦੱਸਦੇ ਹੋਏ ਰੱਦ ਕਰ ਦਿੱਤਾ, ਜਿਸ ਦੀ ਕਈ ਥਾਂ ਚਰਚਾ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਦੇ ਕੋਲ ਅਨਿਲ ਕੁਮਾਰ ਨਾਂਅ ਦੇ ਵਿਅਕਤੀ ਨੇ ਜਨਹਿਤ ਪਟੀਸ਼ਨ ਦਾਇਰ ਕੀਤੀ ਅਤੇ ਕੇਂਦਰ ਸਰਕਾਰ ਨੂੰ ਧਿਰ ਬਣਾ ਕੇ ਮੰਗ ਕੀਤੀ ਕਿ ਸਾਰੇ ਦੇਸ਼ ਵਿੱਚ ਔਰਤਾਂ ਅਤੇ ਮਰਦਾਂ ਵੱਲੋਂ ਲਾਲ ਰੰਗ ਦੇ ਕੱਪੜਿਆਂ ਦੇ ਪਹਿਨਣ 'ਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ, ਜਿਸ ਬਾਰੇ ਅਦਾਲਤ ਕੇਂਦਰ ਸਰਕਾਰ ਨੂੰ ਹੁਕਮ ਜਾਰੀ ਕਰੇ। ਜਦ ਇਹ ਜਨਹਿਤ ਪਟੀਸ਼ਨ ਸੁਣਵਾਈ ਵਾਸਤੇ ਆਈ ਤਾਂ ਚੀਫ ਜਸਟਿਸ ਨੇ ਕਿਹਾ ਕਿ ਇਹ ਮੰਗ ਤਾਂ ਕਾਫੀ ਦਿਲਚਸਪ ਹੈ, ਕਿਸ ਨੇ ਅਤੇ ਕਿਉਂ ਕੀਤੀ ਹੈ? ਇਸ ਦੌਰਾਨ ਪਟੀਸ਼ਨਰ ਅਨਿਲ ਕੁਮਾਰ ਨੇ ਇੱਕ ਰਿਪੋਰਟ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਲਾਲ ਰੰਗ ਹਿੰਸਾ ਦੀ ਭਾਵਨਾ ਪੈਦਾ ਕਰਦਾ ਹੈ। ਚੀਫ ਜਸਟਿਸ ਨੇ ਪਟੀਸ਼ਨਰ ਨੂੰ ਫਿਟਕਾਰ ਲਾਉਂਦੇ ਹੋਏ ਕਿਹਾ ਕਿ ਤੁਹਾਡੀ ਪਟੀਸ਼ਨ ਬੇਹੱਦ ਵਾਹਿਆਤ ਹੈ। ਇਸ ਪਟੀਸ਼ਨ 'ਤੇ ਅਦਾਲਤ ਸਮਾਂ ਬਰਬਾਦ ਨਹੀਂ ਕਰੇਗੀ।

# ਮੋਹਾਲੀ ਏਅਰਪੋਰਟ ਤੋਂ 4.16 ਕਰੋੜ ਦੇ ਹੀਰਿਆਂ ਤੇ ਗਹਿਣਿਆਂ ਨਾਲ ਦੋ ਗ੍ਰਿਫਤਾਰ

ਮੋਹਾਲੀ, 5 ਫਰਵਰੀ (ਪੋਸਟ ਬਿਊਰੋ)- ਐਕਸਾਈਜ਼ ਤੇ ਟੈਕਸੇਸ਼ਨ ਵਿਭਾਗ ਪੰਜਾਬ ਦੀ ਟੀਮ ਨੇ ਮੋਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਕੱਲ੍ਹ ਮੁੰਬਈ ਦੇ ਦੋ ਵਿਅਕਤੀਆਂ ਨੂੰ 4.16 ਕਰੋੜ ਦੇ ਹੀਰਿਆਂ ਸਮੇਤ ਕਾਬੂ ਕੀਤਾ ਹੈ। ਸੋਨੇ ਦੇ ਗਹਿਣੇ ਅਤੇ ਹੋਰ ਸਾਰਾ ਸਾਮਾਨ ਗੈਰ ਕਾਨੂੰਨੀ ਤਰੀਕੇ ਨਾਲ ਹਵਾਈ ਜਹਾਜ਼ ਰਾਹੀਂ ਲਿਆਂਦਾ ਜਾ ਰਿਹਾ ਸੀ।

